# ਕਰੂੰਬਲਾਂ

# ਕਰੂੰਬਲਾਂ

(ਕਾਵਿ-ਸੰਗ੍ਰਹਿ)

ਦੀਪਤੀ ਬਬੂਟਾ

International Publishers
of Indian and Foreign Languages

**Representation Offices**
• 596 Street, Madera, California-93638
• 8 Automatic Rd, Unit 2C, Brampton L6S 3N5, Canada

*Poetry/Punjabi Poetry*

ISBN : 978-93-5068-205-0
Price : 150/-

**Krumblan**


***By***

**Deepti Babuta**
Kamre wala Road,
Jalalabad (West) , Distt. Fazilka
Mob. 98146-70707
Email. dbabuta@gmail.com

2013
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan, Ludhiana
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*© 2013*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



ਸਵ. ਸ. ਗੁਰਚਰਨ ਸਿੰਘ ਭੰਡਾਰੀ

## ਸਮਰਪਨ

ਇਹ ਪੁਸਤਕ ਮੈਂ ਆਪਣੇ ਪਿਤਾ ਸਵ. ਸ. ਗੁਰਚਰਨ ਸਿੰਘ ਭੰਡਾਰੀ ਜੀ ਨੂੰ ਸਮਰਪਿਤ ਕਰਦੀ ਹਾਂ। ਮੇਰੇ ਪਿਤਾ ਜੀ ਨੇ ਮੈਨੂੰ ਸੱਚ ਦੇ ਰਾਹ ਚੱਲਣਾ ਸਿਖਾਇਆ, ਜੀਵਨ ਦੀਆਂ ਔਖੀਆਂ ਘੜੀਆਂ ਨੂੰ ਸਬਰ ਸੰਤੋਖ ਨਾਲ ਝੱਲਣਾ ਸਿਖਾਇਆ। ਦੋ ਭਰਾ ਹੁੰਦੇ ਹੋਏ ਮੈਨੂੰ ਪੁੱਤਾਂ ਨਾਲੋਂ ਵੱਧ ਦੁਲਾਰ ਕੇ ਪਾਲਿਆ। ਉਨ੍ਹਾਂ ਮੈਨੂੰ ਇਸ ਕਾਬਲ ਬਣਾਇਆ ਕਿ ਅੱਜ ਮੈਂ ਕਲਮ ਦੀ ਤਾਕਤ ਦਾ ਸੁਚੱਜਾ ਇਸਤੇਮਾਲ ਕਰਦਿਆਂ ਪਾਠਕਾਂ ਦੇ ਰੂ-ਬ-ਰੂ ਹੋ ਸਕੀ ਹਾਂ।

# ਤਤਕਰਾ


| | | |
|---|---|---|
| ➢ | ਇਕ ਉਤਸ਼ਾਹ ਭਰਪੂਰ ਯਤਨ | 9–13 |
| ➢ | ਵਿਸ਼ੇਸ਼ ਧੰਨਵਾਦ | 14–15 |
| ➢ | ਅਰਦਾਸ | 17 |
| ➢ | ਭਾਲ | 18–19 |
| ➢ | ਵੇਦਨਾ | 20–21 |
| ➢ | ਕਦਰ | 22–23 |
| ➢ | ਮੇਲ | 24–25 |
| ➢ | ਹੁਲਾਰਾ | 26–27 |
| ➢ | ਡਾਲੀ ਦਾ ਫੁੱਲ | 28–29 |
| ➢ | ਸੁਪਨਾ | 30–31 |
| ➢ | ਰੌਂਅ ਵਿਚ ਵਹਿਣਾ | 32–34 |
| ➢ | ਰਿਸ਼ਤੇ | 35 |
| ➢ | ਰੋਸ਼ਨ ਚਿਰਾਗ | 36–37 |
| ➢ | .ਟੁੱਟਣ ਦਾ ਹੁਣ ਜੋਰ ਨਹੀਂ | 38–39 |
| ➢ | ਕਿੰਜ ਕਰਾਂ ਯਕੀਨ | 40–41 |
| ➢ | ਪੁਕਾਰ | 42–43 |
| ➢ | ਕੈਸੀ ਰੁੱਤ | 44–45 |
| ➢ | ਕੋਸ਼ਿਸ਼ | 46 |
| ➢ | ਪਿਆਰੀ ਘੁੱਗੀ | 47 |
| ➢ | ਗਰੀਬ ਦਾ ਦਿਲ | 48–49 |
| ➢ | ਕੀੜਿਆਂ ਦੇ ਭੌਣ ਤੋਂ | 50–52 |
| ➢ | ਬਾਤ ਪੰਜਾਬ ਦੀ | 53–54 |
| ➢ | ਸਿੱਕ ਰਹੀ ਨਾ ਕੋਈ | 55–56 |
| ➢ | ਲਗਨ | 57–58 |
| ➢ | ਦਸਤਕ | 59–60 |

- ਦਿਲ ਦਾ ਦਰਦ 61
- ਟੁੱਟ ਨਾ ਜਾਵੇ ਭਰਮ ਮੇਰਾ 62-64
- ਸੁਨੇਹਾ 65
- ਨਸੀਬ 66
- ਸ਼ਬਦ ਮੇਰੇ ਗੁਆਚ ਗਏ 67
- ਅਹਿਸਾਸ 68
- ਪ੍ਰਛਾਵਾਂ 69
- ਸਹਾਰਾ 70
- ਤਸਵੀਰ 71-72
- ਸ਼ੀਸ਼ਾ ਤਿੜਕ ਗਿਆ 73
- ਦੌੜ 74-75
- ਤੇਰੇ ਸਾਰੇ ਗਮ 76-77
- ਪਹਿਲੀ ਕਿਰਨ 78
- ਦਗਾ 79-80
- ਜੀਅ ਕੇ ਮਰੀਏ 81-82
- ਦਿਲ ਕਰਦੈ 83-84
- ਅਹਿਦ 85-86
- ਵੱਡਮੁੱਲੀ ਦਾਤ 87-89
- ਸੁਪਨੇ ਅਪਨੇ 90-92
- ਆਓ ਵਸਾਈਏ ਦੁਨੀਆ ਨਵੀਂ 93-94
- ਵਕਤ ਬਦਲ ਗਏ ਕਿਉਂ ? 95-97
- ਦੌਲਤ 98-100
- ਕਰੂੰਬਲਾਂ 101
- ਪਨਾਹ 102
- ਬਾਂਕੀ ਨਾਰ 103-104
- ਆਖਰੀ ਤਾਗੀਦ 105-106
- ਕਲਾ ਜੀਉਣ ਦੀ 107-108
- ਮਹਿਮਾਨ ਹਾਂ ਚੰਦ ਰੋਜ਼ ਦਾ 109-110

# ਇਕ ਉਤਸ਼ਾਹ ਭਰਪੂਰ ਯਤਨ

ਉਤਸ਼ਾਹ ਭਰਪੂਰ ਕਵਿਤਰੀ ਦੀਪਤੀ ਬਬੂਟਾ ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ "ਕਰੂੰਬਲਾਂ" ਕਾਵਿ-ਸੰਗ੍ਰਹਿ ਲੈ ਕੇ ਹਾਜ਼ਰ ਹੈ। ਸਾਹਿਤ ਗਗਨ ਦੇ ਚਮਕਦੇ ਸਿਤਾਰਿਆਂ ਵਿਚ ਇਕ ਹੋਰ ਸਿਤਾਰਾ ਉਦੈ ਹੋ ਰਿਹਾ ਹੈ, ਚਮਕ ਰਿਹਾ ਹੈ। ਆਪਣੀ ਆਭਾ ਦੀ ਰੋਸ਼ਨੀ ਨਾਲ ਸਮਾਜ ਨੂੰ ਹੋਰ ਜ਼ਿਆਦਾ ਚਮਕਾ ਰਿਹਾ ਹੈ। ਆਪਣੇ ਅਹਿਸਾਸਾਂ, ਜ਼ਜ਼ਬਿਆਂ, ਡੂੰਘੀਆਂ ਸੋਚਾਂ ਨਾਲ, ਚਾਨਣੀ ਦੀ ਸੁੱਚੀ ਕਿਰਨ ਵੰਡ ਰਿਹਾ ਹੈ।

ਦੀਪਤੀ ਬਬੂਟਾ ਨੇ ਪੱਤਰਕਾਰੀ ਦੇ ਖੇਤਰ ਵਿੱਚ ਬਹੁਤ ਨਾਮ ਕਮਾਇਆ ਹੈ। ਉਸ ਵਿਚ ਉਤਸ਼ਾਹ ਅਤੇ ਜਜ਼ਬਿਆਂ ਭਰਪੂਰ ਕਵਿਤਰੀ ਦੇ ਅਨੁਭਵਾਂ ਦਾ ਖਜ਼ਾਨਾ ਮੌਜੂਦ ਹੈ।

ਉਹ ਖੁਲ੍ਹੇ ਸਾਲਾਨੀ ਆਜ਼ਾਦ ਛੰਦ ਰਾਹੀਂ ਆਪਣੇ ਭਾਵਾਂ ਨੂੰ ਉਜਾਗਰ ਕਰ ਰਹੀ ਹੈ। ਉਸ ਵਿਚ ਜਜ਼ਬਿਆਂ ਦੀ ਸ਼ਿੱਦਤ ਹੈ। ਕੁਦਰਤ ਦਾ ਅਥਾਹ ਪਿਆਰ, ਸੋਚਾਂ ਦੀ ਰਵਾਨੀ, ਸ਼ਬਦਾਂ ਦੀ ਸੁਹਜ-ਸੁਆਦ ਭਿੱਜੀ ਮਿਠਾਸ ਦੀ ਸ਼ਹਿਦ ਹੈ।

"ਕਰੂੰਬਲਾਂ" ਵਿੱਚ ਉਸਦੀ ਰੂਹ ਬਿਰਹਾ ਵਿੱਚ ਕੁੱਠੀ, ਉਤਸ਼ਾਹ ਨਾਲ ਲਿਬਰੇਜ਼, ਖਾਹਸ਼ਾਂ ਦੀ ਜਾਦੂਗਰੀ ਨਾਲ ਅਠਖੇਲੀਆਂ ਕਰਦੀ ਹੈ।

ਆਪਣੀ ਜ਼ਿੰਦਗੀ ਦੇ ਵੱਡਮੁੱਲੇ ਤਜ਼ਰਬਿਆਂ ਦੇ ਡੂੰਘੇ ਸਾਗਰ ਵਿੱਚ ਝਾਤ ਪੁਆਉਣ ਲਈ ਅਨੁਭਵਾਂ ਦੀਆਂ ਮਾਸੂਮ "ਕਰੂੰਬਲਾਂ" ਕਾਵਿ-ਸੰਗ੍ਰਹਿ ਦੇ ਰੂਪ ਵਿੱਚ ਆਪਣੀ ਪਲੇਠੀ ਪੁਸਤਕ ਲੈ ਕੇ ਸਾਹਿਤ ਜਗਤ ਵਿਚ ਪ੍ਰਵੇਸ਼ ਕਰ ਰਹੀ ਹੈ। ਪਿਆਰ ਵਿਚ ਦਰਦ, ਗਮ-ਦੁੱਖ, ਹਿਜ਼ਰ, ਵਿਛੋੜਾ, ਸੰਯੋਗ ਦੇ ਪਲ, ਮੁਲਾਕਾਤਾਂ ਦੇ ਝਨਾ ਅਤੇ ਵਿਛੋੜੇ ਦੀ ਕਾਲੀ ਬੋਲੀ ਰਾਤ ਮੌਜੂਦ ਹੈ। ਪਰ ਕੁੱਝ ਵਿਲੱਖਣ ਅੰਦਾਜ਼ ਇਹ ਹੈ ਕਿ ਉਹ ਉਦਾਸੀ ਦੀ ਖੱਡ ਵਿੱਚ ਡਿੱਗਦੀ ਨਹੀਂ, ਉਸ ਵਿਚ ਦੁੱਖਾਂ ਨੂੰ ਖਿੜੇ ਮੱਥੇ ਕਬੂਲਣ ਦੀ ਸਮਰਥਾ ਹੈ।

ਉਹ ਇਸਤਰੀ ਜਾਤੀ ਲਈ ਨਿਰਾਸ਼ਤਾ ਦੀ ਘਾਟੀ ਨਹੀਂ ਸਗੋਂ ਮਰਦ ਜਾਤ ਦੀ ਬੇ-ਵਫਾਈ ਦੇ ਖਿਲਾਫ ਡਟ ਕੇ ਖੜ੍ਹੇ ਹੋਣ ਦੀ ਵਕਾਲਤ ਕਰਦੀ ਹੈ। ਰਚਨਾ ਵਾਂਗ ਮਜ਼ਬੂਤ ਹੈ। ਉਹ ਦੁੱਖਾਂ ਨੂੰ ਖਿੜੇ ਮੱਥੇ ਪਰਵਾਨ ਕਰਨ ਦਾ ਯਤਨ ਕਰਦੀ ਹੈ, ਨਿੱਜੀ ਜ਼ਿੰਦਗੀ ਵਿਚ ਮਿਲੇ ਹੰਝੂਆਂ ਦੇ ਹਾਰਾਂ ਨੂੰ ਸੰਭਾਲ ਕੇ ਰੱਖਣ ਦਾ ਇੱਕ ਨਿਵੇਕਲਾ ਤਜ਼ਰਬਾ ਉਹ " ਜ਼ਿੰਦਗੀ ਦੀ ਪ੍ਰੋਯਗਸ਼ਾਲਾ" ਵਿੱਚ ਕਰ ਰਹੀ ਹੈ। ਉਹ ਸੋਚਦੀ ਹੈ ਜਾਗਰੂਕ ਨਾਰੀ ਮਜ਼ਬੂਰ ਨਹੀਂ ਉਸ ਵਿੱਚ ਸਦਮਿਆਂ ਨੂੰ ਬਰਦਾਸ਼ਤ ਕਰਨ ਦੀ ਅਥਾਹ ਸ਼ਕਤੀ ਹੈ।

"ਕਰੂੰਬਲਾਂ" ਕਾਵਿ-ਸੰਗ੍ਰਹਿ ਵਿੱਚ ਦੀਪਤੀ ਬਬੂਟਾ ਦੀਆਂ 50 ਨਜ਼ਮਾਂ ਸ਼ਾਮਿਲ ਹਨ। ਇਨ੍ਹਾਂ ਕਵਿਤਾਵਾਂ ਵਿੱਚ ਉਸ ਦੇ ਦਿਲ ਦੀਆਂ ਭਾਵਨਾਵਾਂ ਦਾ ਬਿਰਖ, ਅਹਿਸਾਸਾਂ ਦੀਆਂ ਕੂਲੀਆਂ ਲਗਰਾਂ, ਜਜ਼ਬਾਤਾਂ ਦੇ ਨਿੱਕੇ-ਨਿੱਕੇ ਪੱਤੇ, ਕਰੂੰਬਲਾਂ ਵਰਗੇ ਨਰਮ ਕੂਲੇ-ਕੂਲੇ ਸੁਪਨੇ, ਮਲਾਰ, ਖੁਸ਼ੀਆਂ, ਕੁਦਰਤ ਦੇ ਪਿਆਰ ਵਿੱਚ ਪਲੇ ਅੱਖਰ ਮੌਜੂਦ ਹਨ।

ਦੁੱਖਾਂ-ਸੁੱਖਾਂ, ਪੀੜਾਂ, ਚੀਸਾਂ, ਕਸਕਾਂ, ਯਾਦਾਂ ਨਾਲ ਭਰਪੂਰ-ਗਮ-ਵਿਛੋੜੇ ਦੇ ਮੂੰਹ ਬੋਲਦੇ ਹਰਫ਼ ਹਨ। ਸਤਰਾਂ ਦੀ ਜਾਦੂਗਰੀ ਉਸਦੀ ਵਲੂੰਧਰੀ ਹੋਈ ਰੂਹ ਦੀ ਝਾਤ ਪੁਆਉਣ ਲਈ ਸਾਡੇ ਸਨਮੁੱਖ ਹੋਈ ਹੈ...

" ਜ਼ਿੰਦਗੀ ਮਾਨਣ ਲਈ, ਬਿਰਹਾ, ਸਿੱਕ, ਤੜਪ, ਰੌਣ-ਧੌਣ ਵਿੱਚ ਘੁੱਟ-ਘੁੱਟ ਕੇ ਮਰਨ ਲਈ ਨਹੀਂ..... ਕੁੱਝ ਕਰਨ ਲਈ"

ਉਹ ਬੀਤੇ ਨੂੰ ਭੁੱਲ ਕੇ, ਭਵਿੱਖ ਲਈ ਨਵੀਂ ਰੋਸ਼ਨੀ ਦੀ ਕਿਰਨ ਲੈ ਕੇ ਵਰਤਮਾਨ ਵਿੱਚ ਜ਼ਿੰਦਗੀ ਜੀਉਣ ਵਿੱਚ ਵਿਸ਼ਵਾਸ ਰੱਖਦੀ ਹੈ।

ਉਸ ਦੀਆਂ ਕਵਿਤਾਵਾਂ ਦੇ ਸਰੋਕਾਰ ਨਿੱਜ ਤੋਂ ਪਰ੍ਹੇ ਤੱਕ ਦਾ ਸਫਰ ਹਨ। ਉਸ ਦੀਆਂ ਨਿੱਜੀ ਭਾਵਨਾਵਾਂ ਸਾਗਰ ਦੀਆਂ ਲਹਿਰਾਂ ਵਾਂਗ ਅਠਖੇਲੀਆਂ ਕਰਦੀਆਂ, ਖਾਹਸ਼ਾਂ, ਤਮੰਨਾਵਾਂ, ਉਮੰਗਾਂ ਦੀਆਂ ਸੰਦੇਸ਼ਵਾਹਕ ਸੁਨਹਿਰੀ ਕਿਰਨਾਂ ਹਨ ਜੋ ਦਿਲ ਨੂੰ ਹਲੂਣ ਜਾਂਦੀਆਂ ਹਨ। ਉਸ ਵਿੱਚ ਨਿੱਜੀ ਭਾਵਾਂ ਦੀ ਵੇਦਨਾ ਕੁੱਠੀ ਰੂਹ ਹੈ, ਰਿਸ਼ਤਿਆਂ ਦੀ ਕਦਰ, ਤਾਹਨੇ-ਮੇਹਨੇ, ਗਿਲੇ-ਸ਼ਿਕਵਿਆਂ ਦਾ ਇਜ਼ਹਾਰ ਹੈ। ਹੁਲਾਰੇ, ਸੁਪਨੇ, ਰੌਂਅ ਵਿੱਚ ਵਹਿਣਾ ਤੇ ਕੁਦਰਤ ਦੇ ਪਿਆਰ ਨੂੰ ਜ਼ਿੰਦਗੀ ਦਾ ਰੋਸ਼ਨ ਚਿਰਾਗ ਜਗਾ ਕੇ ਇਹ ਕਹਿਣਾ "ਟੁੱਟਣ ਦਾ ਹੁਣ ਜ਼ੋਰ" ਨਹੀਂ ਵਰਗੀ ਬੇਬਾਕ ਸ਼ਾਇਰੀ ਹੈ। ਜ਼ਿੰਦਗੀ ਦੀ ਤਲਖ ਹਕੀਕਤ ਨੂੰ ਬਿਆਨ ਕਰਨ ਦੀ ਵੱਡਮੁੱਲੀ ਰੀਝ ਹੈ, ਕਸਕ ਹੈ, ਖਿੱਚ ਹੈ, ਤਾਂਘ ਹੈ- ਸਤਰਾਂ ਦੇਖਣਾਂ—

" ਕਰ ਲੈਣ ਜੋ ਹੋਤਾਂ ਨੇ ਕਰਨਾ
ਜੋ ਕਰਨਾ ਏ ਕੈਦੋਂ ਕਰ ਲਏ
ਨਾ ਡਰ ਤਪਦੇ ਥਲਾਂ ਦਾ
ਨਾ ਤੀਰ ਤਰਕਸ਼ਾਂ ਦਾ ਪੌਂਹਦਾ ਏ।"

"ਦਿਲ ਦਾ ਦਰਦ ਦੁੱਖ ਦਿੰਦਾ
ਜਾਣੇ ਕੁਲ ਜਹਾਨ ਇਹ
ਪਰ ਨਿੱਤ ਨਵਾਂ ਇਕ ਦਰਦ ਸਹਿਣ ਨੂੰ
ਰਹਿੰਦਾ ਸਦਾ ਤਿਆਰ ਇਹ।"

ਵੱਖਰੀਆਂ-ਵੱਖਰੀਆਂ ਕਵਿਤਾਵਾਂ ਵਿੱਚ ਖੂਬਸੂਰਤ ਸਤਰਾਂ ਉਸ ਦੇ ਦਿਲ ਦੀਆਂ ਡੂੰਘਾਈਆਂ ਨੂੰ ਪ੍ਰਗਟ ਕਰਦੀਆਂ ਹਨ।

ਜਿਵੇਂ....

"ਚੀਸ 'ਚੋਂ
ਮਿਲਦਾ ਕੋਈ
ਨਵਾਂ ਅਹਿਸਾਸ।"

ਕਿਤੇ-ਕਿਤੇ ਉਸਦੇ ਸ਼ਬਦ ਗੁਆਚ ਜਾਂਦੇ ਹਨ। ਬਿਰਹਨ ਦਾ ਦਿਲ ਤੜਪਦਾ ਹੈ। ਉਦਾਸੀ ਦਾ ਆਲਮ ਹੈ....

"ਨਾ ਇਹ ਫੋਲਣ ਜ਼ਹਿਰ ਮਾਨਵਤਾ ਦਾ
ਨਾ ਭਰਨ ਹੁੰਗਾਰਾ ਹੱਕ, ਸੱਚਾ, ਈਮਾਨ ਦਾ।"

ਉਸਦੇ ਅਹਿਸਾਸਾਂ ਦਾ ਸ਼ਬਦ ਚਿੱਤਰ ਕਰੂੰਬਲਾਂ ਦੇ ਰੂਪ ਵਿੱਚ ਸਾਡੇ ਸਾਹਮਣੇ ਹੈ। ਦਿਲ ਦੀਆਂ ਧੜਕਨਾਂ ਦਾ ਸਾਂਝੀਦਾਰ ਜਜ਼ਬਾਤਾਂ ਦੇ ਚਸ਼ਮੇਂ 'ਚੋਂ ਉਗਮ ਰਿਹਾ ਹੈ।

ਉਸ ਅਜ਼ਲੀ ਮਹਿਬੂਬ ਦੀਆਂ ਪਿਆਰ ਤਿਰੰਗਾਂ ਅਠਖੇਲੀਆਂ ਕਰ ਰਹੀਆਂ ਹਨ....

" ਇਕ ਅਸਮਾਨੋਂ ਤਾਰਾ ਟੁੱਟ ਕੇ
ਝੋਲੀ ਮੇਰੀ ਵਿੱਚ ਆ ਪਿਆ ਏ
ਨਿੰਮ੍ਹੀ ਨਿੰਮ੍ਹੀ ਲੋਅ ਆਪਣੀ ਨਾਲ
ਦਾਮਨ ਮੇਰਾ ਰੁਸ਼ਨਾ ਰਿਹਾ ਏ"

ਪਰਛਾਵਾਂ ਕਵਿਤਾ ਵਿੱਚ ਇੱਕ ਅਜਿਹਾ ਅਹਿਸਾਸ, ਇਕ ਸਾਇਆ ਹੈ ਜੋ ਉਸਦੇ ਨਾਲ-ਨਾਲ ਚੱਲਦਾ ਹੈ, ਉਸਦੀ ਪ੍ਰੇਰਣਾ ਦਾ ਸ੍ਰੋਤ ਹੈ....

"ਇਹ ਸਾਇਆ ਹੈ ਸੱਚਾ-ਸੁੱਚਾ
ਕੋਹਾਂ ਦੂਰ ਫਰੇਬਾਂ ਤੋਂ"

"ਦੌੜ" ਕਵਿਤਾ ਵਿੱਚ ਇਕ ਟੁੱਟੇ ਹੋਏ ਦਿਲ ਵਿੱਚ ਜ਼ਿੰਦਗੀ ਜੀਣ ਦਾ ਇੱਕ ਨਵਾਂ ਅਹਿਸਾਸ ਫਿਰ ਦੌੜ ਰਿਹਾ ਹੈ....

"ਚੱਲ ਜ਼ਿੰਦਗੀ ਤੂੰ ਭਜਾ ਮੈਨੂੰ
ਲੱਗੀ ਏ ਦੌੜ ਮੇਰੀ ਨਾਲ ਤੇਰੇ
ਹੌਸਲੇ ਮੇਰੇ ਅੰਬਰਾਂ ਤੋਂ ਪਰ੍ਹੇ।"

ਜ਼ਿੰਦਗੀ ਦੌਲਤ ਤੇ ਪਿਆਰ ਦੇ ਅਹਿਸਾਸ ਦਾ ਸੰਗਮ ਇੱਕ ਬੇਵਫਾ ਨੂੰ ਹਲੂਣਾ ਕਿਸੇ ਵਿੱਛੜੀ ਰੂਹ ਦਾ.....

"ਬਸ ਰੂਹਾਂ ਦੀਆਂ ਬਾਤਾਂ
ਦਿਲ ਟੁੰਬਦੇ

ਬੁੱਲ ਸੁੱਕਦੇ।"

ਪਿਆਰ ਦੇ ਅਹਿਸਾਸਾਂ, ਜਜ਼ਬਾਤਾਂ, ਭਾਵਾਂ ਦੀ ਗੁੱਝੀ ਹਕੀਕਤ ਫਰੋਲਣ ਤੋਂ ਬਿਨਾਂ ਇਸ ਪੁਸਤਕ ਵਿੱਚ ਇਸਤਰੀ ਦੇ ਦੁੱਖਾਂ-ਸੁੱਖਾਂ ਦਾ ਜਿਕਰ ਦਿਲ ਨੂੰ "ਟੁੰਬਦਾ" ਹੈ। ਨਿੱਕੀ ਜਿਹੀ ਬੋਟ ਦੀ "ਵੇਦਨਾ" ਉਸਦੀ "ਵੇਦਨਾ" ਕਵਿਤਾ ਵਿੱਚ ਇਸ ਪ੍ਰਕਾਰ ਹੈ—

"ਹਰ ਘਰ ਵਿੱਚ ਗੂੰਜਣ ਕਿਲਕਾਰੀਆਂ
ਨਿੱਕੀ ਜਿਹੀ ਬੋਟ ਦੀਆਂ
ਜੇ ਮਾਂ ਦੀ ਵੇਦਣਾ
ਨਿਰਦਈ ਸਮਾਜ ਇਹ ਸਮਝ ਜਾਂਦਾ

ਜੇ ਦੁਨੀਆਂ ਦੀਆਂ ਨਜ਼ਰਾਂ ਤੋਂ ਬਚ ਜਾਵੇ ਲਾਡਲੀ
ਫਿਰ ਦਾਜ ਦੇ ਲੋਭੀ ਦੈਂਤਾਂ ਦਾ ਡਰ ਖਾਂਦਾ ਏ।"

ਉਸਨੇ "ਕਰੂੰਬਲਾਂ" ਕਾਵਿ-ਸੰਗ੍ਰਹਿ ਵਿੱਚ ਸਮਾਜਿਕ ਸਰੋਕਾਰਾਂ ਦੀ ਗੱਲ ਕੀਤੀ ਹੈ।

"ਜਾਗੋ ਲੋਕੋ ਨੀਂਦ ਤਿਆਗੋ
ਹੁਣ ਤਾਂ ਆਪਣੇ ਹੱਕ ਪਛਾਣੋ
ਹੱਕਾਂ ਖਾਤਰ ਲੜਨਾ ਜਾਣੋ
ਹੱਕਾਂ ਖਾਤਰ ਮਰਨਾ ਜਾਣੋ।"

"ਪਿਆਰੀ ਘੁੱਗੀ" ਕਵਿਤਾ ਵਿੱਚ ਦੋ ਸਤਰਾਂ ਦਿਲ ਨੂੰ ਤੜਪਾਉਂਦੀਆਂ ਹਨ—

"ਸ਼ਰਮ ਨਾ ਆਉਂਦੀ ਹਤਿਆਰੇ ਨੂੰ
ਭੋਜਨ ਜਿਸਦਾ ਤੂੰ ਬਣਦੀ ਏਂ।"

ਉਸਦੀ "ਜੀ ਕਰਦੈ" ਸਤਰਾਂ ਵਿੱਚ ਖੂਬਸੂਰਤ ਚਿੱਤਰ ਪੇਸ਼ ਹੈ—

"ਜੀ ਕਰਦੈ ਐਸਾ ਬਿਰਖ ਕੋਈ ਉੱਗੇ
ਏਕੇ ਤੇ ਭਾਈਚਾਰੇ ਦਾ ਫੁੱਲ ਜਿਸ 'ਤੇ ਲੱਗੇ
ਕਤਲ ਹੁੰਦੇ ਨੇ ਰੋਜ਼ ਨੀਲੇ ਨੋਟਾਂ ਖਾਤਰ
ਰੱਬ ਕਰੇ ਉਸ ਕਾਲੀ ਕੁਲਹਿਣੀ ਦੌਲਤ ਨੂੰ ਅੱਗ ਲੱਗੇ।"

ਉਸਦੀ ਕਵਿਤਾ ਸਚਮੁੱਚ ਨਿੱਜ ਤੋਂ ਪਰ੍ਹੇ ਤੱਕ ਦਾ ਸਫ਼ਰ ਹੈ ਜਿਸ ਵਿੱਚ ਇਸ਼ਕ ਮਜਾਜੀ, ਕੁਦਰਤ ਦਾ ਪਿਆਰ ਦੇ ਨਾਲ-ਨਾਲ ਸੁੱਚੇ ਰਿਸ਼ਤਿਆਂ ਪ੍ਰਤੀ ਅਗਾਂਹਵਧੂ ਸੋਚ ਉਤਸ਼ਾਹ ਭਰਪੂਰ ਅਹਿਸਾਸਾਂ ਦਾ ਪ੍ਰਗਟਾਵਾ ਹੈ।

ਉਸਦੀ ਕਵਿਤਾ ਵਿੱਚ ਪਿੰਗਲ, ਅਰੂਜ਼, ਛੰਦਾਬੰਦੀ ਦੀ ਥਾਂ ਸਲਾਨੀ ਆਜ਼ਾਦ

ਛੰਦ ਦਾ ਰੰਗ ਮੌਜੂਦ ਹੈ। ਪਰ ਉਸ ਦੀਆਂ ਕਵਿਤਾਵਾਂ ਵਿੱਚ ਗੀਤ ਪਰਗੀਤ ਤੇ ਗਜ਼ਲ ਵਰਗੀ ਸੰਗੀਤਕ ਸੁਹਜਵਾਦੀ ਬਿਰਤੀ ਦੀ ਮਿਠਾਸ ਝਲਕਦੀ ਹੈ।

ਸ਼ਬਦ ਚੋਣ, ਬੋਲੀ, ਚਿਨ੍ਹ, ਪ੍ਰਤੀਕ, ਬਿੰਬ-ਅਲੰਕਾਰਾਂ ਰਾਹੀਂ ਸਰਲਤਾ, ਸਪੱਸ਼ਟਤਾ ਦਾ ਗੁਣ ਮੌਜੂਦ ਹੈ। ਜਜ਼ਬਿਆਂ ਦਾ ਹੜ੍ਹ, ਭਾਵਾਂ ਦੀ ਇਕਸੁਰਤਾ ਤੇ ਰਵਾਨੀ ਹੈ। ਜ਼ਿੰਦਗੀ ਦੇ ਦੁੱਖਾਂ-ਸੁੱਖਾਂ ਨੂੰ ਮਾਣਦਿਆਂ ਹੋਇਆ ਵਰਤਮਾਨ ਵਿੱਚ ਜੀਣ ਦਾ ਅਥਾਹ ਜੋਸ਼ ਹੈ।

ਮੈਂ "ਕਰੂੰਬਲਾਂ" ਪੁਸਤਕ ਨੂੰ ਪੰਜਾਬੀ ਸਾਹਿੱਤ ਦੇ ਵਿਹੜੇ ਵਿੱਚ ਪ੍ਰਵੇਸ਼ ਕਰਨ 'ਤੇ ਦਿਲ ਦੀਆਂ ਗਹਿਰਾਈਆਂ ਤੋਂ ਢੇਰ ਸਾਰੀਆਂ ਮੁਬਾਰਕਾਂ ਦਿੰਦਾ ਹਾਂ।

ਮੈਨੂੰ ਪੂਰੀ ਉਮੀਦ ਹੈ ਕਿ ਦੀਪਤੀ ਬਬੂਟਾ ਆਉਣ ਵਾਲੇ ਸਮਿਆਂ ਵਿੱਚ ਸਾਹਿੱਤ ਗਗਨ ਦੀਆਂ ਉਚਾਈਆਂ ਨੂੰ ਜ਼ਰੂਰ ਛੋਹੇਗੀ। ਉਸ ਵਿੱਚ ਭਵਿੱਖ ਲਈ ਉਤਸ਼ਾਹ ਭਰਪੂਰ ਸੰਭਾਵਨਾਵਾਂ ਮੌਜੂਦ ਹਨ।

ਅਮੀਨ

ਦਿਆਲ ਸਿੰਘ 'ਪਿਆਸਾ'

# ਵਿਸ਼ੇਸ਼ ਧੰਨਵਾਦ

ਸਭ ਤੋਂ ਪਹਿਲਾ ਧੰਨਵਾਦ ਉਸ ਪਰਮ-ਪਿਤਾ ਪਰਮਾਤਮਾ ਦਾ ਹੈ ਜਿਸਨੇ ਮੈਨੂੰ ਮਨੁੱਖੀ ਚੋਲਾ ਪ੍ਰਦਾਨ ਕੀਤਾ ਅਤੇ ਆਪੇ ਦੀ ਖੋਜ ਕਰਨ ਦਾ ਵੱਡਮੁੱਲਾ ਮੌਕਾ ਪ੍ਰਦਾਨ ਕੀਤਾ ਹੈ। ਮਨੁੱਖ ਨੂੰ ਇਹ ਜੀਵਨ ਕੁੱਝ ਵਿਸ਼ੇਸ਼ ਕਰ ਗੁਜਰਨ ਲਈ ਹੀ ਮਿਲਦਾ ਹੈ। ਜੋ ਜੀਵ ਪਰਮਾਤਮਾ ਦੇ ਇਸ ਗੁੱਝੇ ਭੇਦ ਦਾ ਰਾਜ ਪਾ ਲੈਂਦੇ ਹਨ ਉਹ ਕੁੱਝ ਨਿਵੇਕਲਾ ਤੇ ਉਸਾਰੂ ਕਰਕੇ ਮਨੁੱਖੀ ਜੀਵਨ ਲਈ ਮਿਸਾਲ ਬਣ ਜਾਂਦੇ ਹਨ।

ਖਿਆਲਾਂ ਦੀ ਉਡਾਰੀ ਅਤੇ ਜੀਵਨ ਦੇ ਰੰਗਾਂ ਨਾਲ ਰੰਗਿਆ ਜੋ ਕਾਵਿ-ਸੰਗ੍ਰਿਹ ਮੈਂ ਪਾਠਕਾਂ ਦੇ ਰੂ-ਬ-ਰੂ ਕਰਨ ਜਾ ਰਹੀ ਹਾਂ, ਸ਼ਾਇਦ ਇਹ ਕਦੀ ਵੀ ਮੁਕੰਮਲ ਹੋ ਕੇ 'ਕਰੂੰਬਲਾਂ' ਦੇ ਰੂਪ ਵਿੱਚ ਨਾ ਫੁੱਟਦਾ ਜੇਕਰ ਜੀਵਨ ਦੇ ਹਰ ਔਖੇ-ਸੌਖੇ ਪਥ 'ਤੇ ਮੈਨੂੰ ਮੇਰੇ ਜੀਵਨ ਸਾਥੀ ਸ਼੍ਰੀ ਨੀਰਜ ਬਬੂਟਾ ਜੀ ਦਾ ਸਹਿਯੋਗ ਨਾ ਮਿਲਿਆ ਹੁੰਦਾ। ਮੈਂ ਇਸ ਜੀਵਨ ਵਿੱਚ ਉਨ੍ਹਾਂ ਦੀ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਮੇਰੇ ਪਿਤਾ ਸਵ. ਸ. ਗੁਰਚਰਨ ਸਿੰਘ ਜੀ ਵੱਲੋਂ ਮੇਰੇ ਜੀਵਨ ਦੀ ਤਖਤੀ 'ਤੇ ਪਾਏ ਪੂਰਨਿਆਂ ਨੂੰ ਪੱਕਾ ਕਰਨ ਅਤੇ ਉਸ ਵਿੱਚ ਰੰਗ ਭਰਨ ਲਈ ਹਰ ਹੀਲਾ ਕੀਤਾ। ਮੇਰੀਆਂ ਕਲਪਨਾਵਾਂ ਨੂੰ ਖੰਭ ਲਾ ਕੇ ਉਡਣ 'ਚ ਹਮੇਸ਼ਾ ਸਹਿਯੋਗ ਕੀਤਾ। ਉਨ੍ਹਾਂ ਮੈਨੂੰ 'ਵਿਨੋਦ' ਤੋਂ 'ਦੀਪਤੀ' ਬਣਾ ਕੇ ਕਲਮ ਦੀ ਤਾਕਤ ਦਾ ਅਹਿਸਾਸ ਸਿਖਾਇਆ ਅਤੇ ਲਿਖਾਰੀ ਵਜੋਂ ਸਥਾਪਿਤ ਕਰਨ ਵਿੱਚ ਹਮੇਸ਼ਾ ਮੇਰਾ ਸਾਥ ਦਿੱਤਾ ਹੈ।

ਮੈਂ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਮੇਰੇ ਸਾਹਿਤਕ ਗੁਰੂ ਸਾਹਿੱਤਕਾਰ ਸ. ਦਿਆਲ ਸਿੰਘ 'ਪਿਆਸਾ' ਜੀ ਦੀ ਜਿਨ੍ਹਾਂ ਕਾਵਿ-ਸੰਗ੍ਰਿਹ "ਕਰੂੰਬਲਾਂ" ਨੂੰ ਤਰਾਸ਼ਣ ਵਿੱਚ ਹਰ ਪਲ ਮੈਨੂੰ ਸਹਿਯੋਗ ਦਿੱਤਾ। ਕੇਵਲ ਇੰਨਾ ਹੀ ਨਹੀਂ 'ਕਰੂੰਬਲਾਂ' ਨੂੰ ਪਾਠਕਾਂ ਤੱਕ ਪਹੁੰਚਾਉਣ ਲਈ ਹੱਲਾਸ਼ੇਰੀ ਵੀ ਦਿੱਤੀ। ਉਨ੍ਹਾਂ ਸਾਹਿਤਕ ਗੁਰੂ ਦੇ ਰੂਪ ਵਿੱਚ ਹਮੇਸ਼ਾ ਮੇਰਾ ਪੱਥ ਪ੍ਰਦਰਸ਼ਨ ਕੀਤਾ ਅਤੇ ਉਮੀਦ ਕਰਦੀ ਹਾਂ ਕਿ ਜੀਵਨ ਦੀਆਂ ਅਗਲੀਆਂ ਪੈੜਾਂ ਤੇ ਵੀ ਉਹ ਹਮੇਸ਼ਾ ਮੇਰਾ ਮਾਰਗ ਦਰਸ਼ਨ ਕਰਦੇ ਰਹਿਣਗੇ।

ਮੈਂ ਵਿਸ਼ੇਸ਼ ਧੰਨਵਾਦੀ ਹਾਂ ਆਪਣੀ ਬੇਟੀ ਦੁਰਗਾ ਅਤੇ ਬੇਟੇ ਅਰਜੁਨ ਦੀ, ਜਿਨ੍ਹਾਂ ਕਲਪਨਾਂ ਦੀ ਉਡਾਰੀ ਭਰਦਿਆਂ ਵੇਖ ਮੇਰੇ ਮੰਨ ਮੰਦਰ ਨੂੰ ਸਮਝਦੇ ਹੋਏ ਕਲਪਨਾ ਦੇ ਪਲਾਂ ਦੌਰਾਨ ਆਪਣੀਆਂ ਇੱਛਾਵਾਂ ਅਤੇ ਜ਼ਰੂਰਤਾਂ ਉਤੇ ਨਿਯੰਤਰਣ ਕਰਦਿਆਂ ਟੋਕਿਆ ਨਹੀਂ ਅਤੇ ਜਦੋਂ ਖਿਆਲਾਂ ਦੀ ਉਡਾਰੀ ਸ਼ਬਦ ਰੂਪ ਵਿੱਚ ਕਾਗਜ਼ ਤੇ ਉਕਰੀ ਗਈ ਤਾਂ ਹਮੇਸ਼ਾ ਪੁੱਛਿਆ, "ਮੰਮੀ, ਅੱਜ ਤੁਸੀਂ ਕੀ ਲਿਖਿਆ ਹੈ?" ਉਨ੍ਹਾਂ ਮਾਸੂਮਾਂ ਦੇ ਇਹ ਬੋਲ ਹਮੇਸ਼ਾ ਮੈਨੂੰ ਹਲੂਣਾ ਦਿੰਦੇ ਤੇ ਹੋਰ ਲਿਖਣ ਦੀ ਪ੍ਰੇਰਣਾ ਵੀ।

ਆਸ ਕਰਦੀ ਹਾਂ ਕਿ ਪਾਠਕਾਂ ਨੂੰ ਮੇਰਾ ਪਲੇਠਾ ਯਤਨ ਕਾਵਿ-ਸੰਗ੍ਰਹਿ "ਕਰੂੰਬਲਾਂ" ਚੰਗਾ ਲੱਗੇਗਾ ਅਤੇ ਆਪਣੇ ਅਨਮੋਲ ਸੁਝਾਅ ਵੀ ਜ਼ਰੂਰ ਮੇਰੇ ਨਾਲ ਸਾਂਝੇ ਕਰਨਗੇ। ਜਲਦ ਹੀ ਕਹਾਣੀ ਸੰਗ੍ਰਹਿ ਵੀ ਪਾਠਕਾਂ ਦੇ ਰੂ-ਬ-ਰੂ ਕੀਤਾ ਜਾਵੇਗਾ।

## "ਅਰਦਾਸ"

ਸ਼ੁਕਰ ਹੈ ਮਾਲਿਕ ਤੇਰਾ ਇਹ ਉਪਕਾਰ ਹੋਇਆ।
ਸ਼ਾਇਰਾਂ ਦੀ ਮਹਿਫਿਲ ਦਾ ਜੋ ਦੀਦਾਰ ਹੋਇਆ।
ਰਹਿਮਤ ਤੇਰੀ ਦਾ ਮੁੱਲ ਕਿੰਝ ਮੈਂ ਮੋੜਾਂਗੀ,
ਖਿਆਲ ਮੇਰਾ ਜੋ ਮਾਂ ਬੋਲੀ ਦਾ ਸ਼ਿੰਗਾਰ ਹੋਇਆ।

ਲਫਜ਼ਾਂ ਦੇ ਅਣਮੁੱਲੇ ਮੋਤੀ ਚੁਣ-ਚੁਣ ਕੇ,
ਪੀੜ-ਪ੍ਰੀਤਾਂ ਵੰਡ ਨਜ਼ਮਾਂ ਦਾ ਹਾਰ ਹੋਇਆ।
ਕਿਸੇ ਲਾਚਾਰ ਨਿਤਾਣੇ ਦੇ ਕੰਮ ਆ ਜਾਵੇ,
ਜੀਵਨ ਫਿਰ ਸਮਝਾਂਗੀ ਇਹ ਸਾਕਾਰ ਹੋਇਆ।

ਇਕੋ ਇਹ ਅਰਦਾਸ ਹੈ ਦਾਸ ਨਿਮਾਣੀ ਦੀ,
ਰੁਕੇ ਨਾ ਜੋ 'ਕਲਮ' ਦਾ ਇਹ 'ਆਗਾਜ਼' ਹੋਇਆ।
ਬਖਸ਼ਿਸ਼ ਤੇਰੀ ਬਿਨ ਮੇਰੀ ਕੋਈ ਹਸਤੀ ਨਾ,
ਬਖਸ਼ੀ ਜੋ ਜਾਣੇ ਅਣਜਾਣੇ ਅਪਰਾਧ ਹੋਇਆ।

## ਭਾਲ

ਕਰ ਆਪੇ ਦੀ ਭਾਲ,
ਭਟਕਣਾ ਨੂੰ ਛੱਡ।
ਮਰ-ਮਰ ਕੇ ਜੀਏ ਜਿਸ ਖਾਤਿਰ,
ਜਾਣੀਆਂ ਨਾ ਕਦਰਾਂ ਤੇਰੀਆਂ।
ਬੇਮੁੱਖ ਐਸੇ ਰਿਸ਼ਤਿਆਂ ਦੀ,
ਜੜ੍ਹ ਮੁੱਢੋਂ ਵੱਢ।
ਕਰ ਆਪੇ ਦੀ ਭਾਲ ....

ਦੁਨੀਆਂ ਦੀ ਇਸ ਭੀੜ ਵਿੱਚ
ਕਈ ਆਏ ਤੇ ਆ ਕੇ ਚਲੇ ਗਏ
ਤੂੰ ਬੈਠਾ ਰਹੇਂਗਾ ਪਾ ਮਹੱਲ-ਮਾੜੀਆਂ
ਭਰਮ-ਭੁਲੇਖੇ ਦਿਲਾਂ 'ਚੋਂ ਕੱਢ
ਕਰ ਆਪੇ ਦੀ ਭਾਲ ....

ਨਾ ਰਹੇ ਤੈਨੂੰ ਜਨਣ ਵਾਲੇ,
ਨਾ ਰਹਿਣਾ ਤੂੰ ਸਦਾ
ਟੁਰ ਜਾਣਾ ਕੁਖੋਂ ਜੰਮਿਆਂ,
ਦੇ ਕਰਮਾਂ ਦਾ ਹਿਸਾਬ
ਫਿਰ ਕਾਹਤੋਂ ਝੂਠ-ਫਰੇਬਾਂ ਦੀ ਲੱਦ ਪੰਡ
ਮਰਦੇ ਦਮ ਤੱਕ ਰੋਲਦਾ ਏਂ ਹੱਢ।
ਕਰ ਆਪੇ ਦੀ ਭਾਲ ....

ਜੀਓ ਕੇ ਮਰਨਾ ਜੇ ਤੂੰ ਲੋਚਦਾ
ਮੋਈ ਆਤਮਾ ਦੀ ਲੋਅ ਜਗਾ
ਵੰਡ ਹਾਸੇ ਖੇੜੇ ਤੇ ਖੁਸ਼ੀਆਂ
ਦੂਜੇ ਦਾ ਹੱਕ ਮਾਰਨ ਦੀ
ਮੈਲ ਦਿਲਾਂ 'ਚੋਂ ਕੱਢ
ਕਰ ਆਪੇ ਦੀ ਭਾਲ,
ਭਟਕਣਾਂ ਨੂੰ ਛੱਡ

## ਵੇਦਨਾ

ਆਪਣੇ ਹੱਥੀਂ ਆਪਣੀ ਲਾਡਲੀ ਦਾ
ਕਤਲ ਕਰਾਉਣ ਨੂੰ
ਮੇਰਾ ਵੀ ਕਿਹੜਾ ਜੀਅ ਕਰਦਾ
ਕਤਲ ਹੋ ਰਹੀ ਨਿਮਾਣੀ ਰੂਹ 'ਤੇ
ਚੱਲਦੇ ਹਥਿਆਰਾਂ ਦਾ
ਇੱਕ ਇੱਕ ਖੰਜਰ
ਦਿਲ ਮੇਰੇ ਵਿਚ ਵੱਜਦਾ।

ਫਿਰ ਕਿਉਂ ?
ਕੁੱਖ 'ਚ ਪਲਦੀ ਧੀ ਦਾ
ਸੁਨੇਹਾ ਮਿਲਦਿਆਂ
ਹਰ ਮਾਂ ਦੀ ਆਤਮਾ ਕੰਬ ਜਾਂਦੀ
ਤੇ, ਛੱਡ ਮੋਹ ਮਮਤਾ ਦਾ ਦਾਮਨ
ਹਰ ਮਾਂ, ਧੀ ਕਤਲ ਕਰਾਉਣ ਨੂੰ
ਬੂਹੇ ਕਸਾਈਆਂ ਦੇ ਚੜ੍ਹ ਜਾਂਦੀ

ਜੰਮਦੀ ਧੀ ਤੇ ਚੱਲਦੇ ਦਰਿੰਦਿਆਂ ਦੇ ਵਾਰਾਂ ਨੂੰ
ਸੋਚ, ਮਾਂ ਦਾ ਕਲੇਜਾ ਕੰਬ ਜਾਂਦਾ
ਹਵਸ ਦੀ ਸ਼ਿਕਾਰ ਹੋਈ ਧੀ ਦਾ
ਹਰ ਜ਼ਖ਼ਮ
ਮਾਂ ਦੀ ਆਤਮਾ ਵਿੰਨ੍ਹ ਜਾਂਦਾ
ਅੱਖਾਂ ਮੂਹਰੇ ਨੋਚੀ ਜਾਂਦੀ
ਨਿਮਾਣੀ ਜਿੰਦ ਦਾ ਮੰਜਰ
ਆਪੇ ਹੀ ਮਾਂ ਦੀ ਮਮਤਾ ਨੂੰ
ਕਾਤਲ ਬਣਾ ਜਾਂਦਾ।

ਜੇ ਦੁਨੀਆਂ ਦੀਆਂ ਨਜ਼ਰਾਂ ਤੋਂ ਬੱਚ ਜਾਵੇ ਲਾਡਲੀ
ਫਿਰ ਦਾਜ ਲੋਭੀ ਦੈਂਤਾਂ ਦਾ ਡਰ ਖਾ ਜਾਂਦਾ
ਪੁੱਤਾਂ ਤੋਂ ਵੱਧ
ਦੁਲਾਰ ਕੇ ਪਾਲੀ ਜਿੰਦੜੀ ਦਾ
ਹਰ ਅਰਮਾਨ
ਕਦੀ ਅੱਗ, ਕਦੀ ਰੱਸੀ ਦੀ ਭੇਂਟਾਂ ਚੜ ਜਾਂਦਾ।

ਜੋ ਮੈਂ ਹੱਢੀਂ ਹੰਢਾਇਆ
ਕੋਈ ਲਾਡੋ ਨਾ ਹੰਢਾਵੇ
ਇਹੀ ਸੋਚ ਮਾਂ ਦਾ ਕਦਮ
ਬੂਹੇ ਕਸਾਈਆਂ ਦੇ ਚੜ੍ਹ ਜਾਂਦਾ।
ਹਰ ਘਰ 'ਚ ਗੂੰਜਣ ਕਿਲਕਾਰੀਆਂ
ਨਿੱਕੀ ਜਿਹੀ ਬੋਟ ਦੀਆਂ
ਜੇ ਮਾਂ ਦੀ 'ਵੇਦਨਾ'
ਨਿਰਦਈ ਸਮਾਜ ਇਹ ਸਮਝ ਜਾਂਦਾ।

## ਕਦਰ

ਜਿੱਥੇ ਕੋਈ ਸਾਡੀ ਕਦਰ ਨਾ ਪਾਵੇ
ਉਸ ਨਗਰੀ ਅਸੀਂ ਰਹਿਣਾ ਨਹੀਂ
ਹੱਡ ਤੋੜਵੀਂ ਮੇਹਨਤ ਕਰਨੀ
ਜਬਰ ਜ਼ੁਲਮ ਤੋਂ ਡਰਨਾ ਨਹੀਂ।
ਜਾਗੋ ਲੋਕੋ ਨੀਂਦ ਤਿਆਗੋ
ਹੁਣ ਤਾਂ ਆਪਣੇ ਹੱਕ ਪਛਾਣੋ
ਹੱਕਾਂ ਖਾਤਰ ਲੜਨਾ ਜਾਣੋ
ਹੱਕਾਂ ਖਾਤਰ ਮਰਨਾ ਜਾਣੋ।
ਤੇਰੇ ਬਲ ਜੋ ਰਾਜ ਹੰਢਾਵੇ
ਭੁੱਖਾ ਨੰਗਾ ਤੈਨੂੰ ਮਾਰੇ
ਆਪਣੀ ਗੋਗੜ ਖ਼ੂਬ ਵਧਾਵੇ
ਓਹਦੀ ਬਰਬਰਤਾ ਦਾ ਡੰਡਾ
ਜੁੱਸੇ ਆਪਣੇ ਸਹਿਣਾ ਨਹੀਂ
ਜਿੱਥੇ ਕੋਈ ਸਾਡੀ ਕਦਰ ਨਾ ਪਾਵੇ
ਉਸ ਨਗਰੀ ਅਸੀਂ ਰਹਿਣਾ ਨਹੀਂ।

ਚੂੰਡ-ਚੂੰਡ ਮਾਸ ਸੋਨ ਚਿੜੀ ਦਾ
ਵਿਦੇਸ਼ਾਂ ਵਿੱਚ ਡੱਕੀ ਜਾਵਣ
ਗੋਰਿਆਂ ਦੀ ਧਰਤੀ ਨੂੰ ਯਾਰੋ
ਕਾਲੇ ਧੰਨ ਨਾਲ ਰੰਗੀ ਜਾਵਣ।
ਵਿਲਕਣ ਲੋਕੀਂ ਹਾੜੇ ਕੱਢਣ
ਦੇਣ ਧਰਵਾਸੇ ਤਰਸ ਨਾ ਖਾਵਣ
ਉਠ ਮਾਰ ਹੰਭਲਾ ਨਾ ਹਿੰਮਤ ਹਾਰੀਂ
ਭਾਵੇਂ ਛੱਡਣ ਅੱਥਰੂ ਗੈਸਾਂ
ਭਾਵੇਂ ਮਾਰਨ ਸੀਨੇ ਤੋਪਾਂ
ਸ਼ਕਤੀ ਸਾਰੀ ਲਾ ਦੇ ਬੱਲਿਆ

ਝੂਠੇ ਲਾਰਿਆਂ ਨਾਲ ਜੋ ਭਰਮਾਵੇ
ਹੁਣ ਜਾਦੂ ਓਹਦਾ ਚੱਲਣਾ ਨਹੀਂ।
ਜਿੱਥੇ ਕੋਈ ਸਾਡੀ ਕਦਰ ਨਾ ਪਾਵੇ
ਉਸ ਨਗਰੀ ਅਸੀਂ ਰਹਿਣਾ ਨਹੀਂ।

ਵਕਤ ਦੀ ਨਬਜ ਪਛਾਣ ਓ ਯਾਰਾ
ਸਾਡੇ ਹੱਥ ਘੜਿਆਲ ਹੈ ਆਇਆ
ਨਵੀਂ ਹਕੂਮਤ ਸਿਰਜਣ ਦਾ ਵੇਲਾ
ਹੁਣ ਤਾਂ ਲੈ ਸੰਭਾਲ ਓ ਯਾਰਾ
ਮੁਖੌਟਿਆਂ ਅੰਦਰ ਲੁਕਿਆ ਚਿਹਰਾ
ਲਾਹ ਦੇ ਸੁੱਟ ਉਖਾੜ ਓ ਯਾਰਾ
ਪਛਤਾਵੇਂਗਾ, ਕੇਰੇਂਗਾ ਹੰਝੂ
ਗਿਆ ਵਕਤ ਮੁੜ ਹੱਥ ਨਹੀਂ ਆਉਣਾ
ਛੱਡ ਗੁਲਾਮੀ ਬਣ ਰਾਜਾ ਮਰਜੀ ਦਾ
ਹੋਰ ਜ਼ੁਲਮ ਅਸੀਂ ਸਹਿਣਾ ਨਹੀਂ।
ਜਿੱਥੇ ਕੋਈ ਸਾਡੀ ਕਦਰ ਨਾ ਪਾਵੇ
ਉਸ ਨਗਰੀ ਅਸੀਂ ਰਹਿਣਾ ਨਹੀਂ।
ਹੱਡ ਤੋੜਵੀਂ ਮੇਹਨਤ ਕਰਨੀ
ਜ਼ਬਰ ਜ਼ੁਲਮ ਤੋਂ ਡਰਨਾ ਨਹੀਂ।

## ਮੇਲ

ਮੈਂ ਧਰਤੀ ਤੂੰ ਆਕਾਸ਼
ਕੀ ਤੇਰਾ ਮੇਰਾ ਮੇਲ ਵੇ ਸੱਜਣਾਂ
ਮੇਰੇ ਕੋਲ ਤੈਨੂੰ ਦੇਣ ਲਈ
ਸਿਵਾਏ ਜਜ਼ਬਾਤਾਂ ਦੇ ਨਿੱਘ ਤੋਂ
ਨੈਣਾਂ ਦੀ ਨੈਂਅ 'ਚੋਂ ਵੱਗਦੇ
ਕੋਸੇ ਚਸ਼ਮਿਆਂ ਤੋਂ
ਪਿਆਰ ਦੇ ਹਲੂਣਿਆਂ ਤੋਂ
ਸੁੱਚੇ ਸੁੱਚ ਪ੍ਰੀਤਾਂ ਜੜੇ ਮੋਤੀਆਂ ਤੋਂ
ਕੋਈ ਵੱਡੀ ਸੌਗਾਤ ਨਹੀਂ।
ਪਰ, ਤੂੰ ਖੇਡੇਂ ਨੋਟਾਂ ਵਾਲੀ ਖੇਲ
ਕੀ ਤੇਰਾ ਮੇਰਾ ਮੇਲ ਵੇ ਸੱਜਣਾਂ।
ਮੈਂ ਧਰਤੀ ਤੂੰ ਆਕਾਸ਼.....

ਅਸੀਂ ਚਾਨਣ ਵੰਡਦੇ ਸੂਰਜਾਂ ਦੀ ਲੋਅ 'ਚ
ਦੁਨੀਆਂ ਦੇ ਸ਼ੋਰ-ਗੁੱਲ 'ਚ
ਕਦੀ ਆ ਕੇ ਤੈਨੂੰ ਸਤਾਇਆ ਨਹੀਂ
ਵਫਾ ਬਦਲੇ ਮਿਲੀਆਂ ਬੇਵਫਾਈਆਂ ਦਾ
ਸ਼ਿਕਵਾ ਕਦੀ ਜਤਾਇਆ ਨਹੀਂ
ਫਿਰ ਕਿਉਂ
ਰਾਤ ਦੇ ਸਿਆਹ ਹਨ੍ਹੇਰਿਆਂ 'ਚ
ਸੁੱਤੇ ਸ਼ਾਂਤ ਦੁਨੀਆਂ ਦੇ ਆਲਮ 'ਚ
ਅੱਖਾਂ ਨੂਟਦੇ ਹੀ
ਦੱਬੇ ਪੈਰੀਂ ਆ ਝੰਜੋੜਿਆ
ਕੀਤਾ ਬੇਚੈਨ

ਸੁਪਨਿਆਂ ਦੀ ਬਾਰਾਤ 'ਚ
ਮੈਨੂੰ ਸਮਝ ਨਾ ਆਵੇ
ਇਹ ਦਿਲਾਂ ਵਾਲੀ ਖੇਲ
ਕੀ ਤੇਰਾ ਮੇਰਾ ਮੇਲ ਵੇ ਸੱਜਣਾ
ਮੈਂ ਧਰਤੀ ਤੂੰ ਆਕਾਸ਼
ਕੀ ਤੇਰਾ ਮੇਰਾ ਮੇਲ ਵੇ ਸੱਜਣਾ।

## ਹੁਲਾਰਾ

ਆ ਇਕ ਵਾਰੀ ਫਿਰ ਮਿਲ ਕੇ ਜਗਾਈਏ
ਸਦੀਆਂ ਤੋਂ ਸੁੱਤੇ ਖ਼ਾਬਾਂ ਨੂੰ
ਬਣ ਕੇ ਹਮਜੋਲੀ ਬਹੀਏ ਫਿਰ
ਦਈਏ ਹੁਲਾਰਾ ਪ੍ਰੀਤਾਂ ਨੂੰ।

ਮਰੇ-ਮਰੇ ਜਿਹੇ ਫਿਰਦੇ ਹਾਂ
ਬਣ ਗਏ ਹਾਂ ਲਾਸ਼ਾਂ ਨਾਲ ਲਾਸ਼
ਭੁੱਲ ਬੈਠੇ ਹਾਂ ਜੋ ਨਗਮੇ ਪਿਆਰ ਭਰੇ
ਗਾਈਏ ਪਿਆਰ ਭਰੇ ਫਿਰ ਗੀਤਾਂ ਨੂੰ।

ਮਰ-ਮਰ ਕੇ ਜੀਣਾ ਹੋ ਗਿਆ ਔਖਾ
ਗੰਢਾਂ ਪੈ ਗਈਆਂ ਤੰਦਾਂ ਨੂੰ
ਆ ਕਿਸੇ ਨੁੱਕਰ ਵਿੱਚ ਬਹਿ ਕੇ
ਸੁਲਝਾਈਏ ਉਲਝੀਆਂ ਗੰਢਾਂ ਨੂੰ।

ਜੇਕਰ ਉਲਝਣ ਸੁਲਝੇ ਨਾ ਤਾਂ
ਵਗਾਹ ਮਾਰੀਏ ਉਲਝੇ ਤਾਣੇ ਨੂੰ
ਨਵੇਂ ਸਿਰੇ ਤੋਂ ਸਿਰਾ ਕੱਢੀਏ
ਉਣੀਏ ਨਵੇਂ ਇੱਕ ਬਾਣੇ ਨੂੰ।
ਪਿਆਰ ਵਿਸ਼ਵਾਸ ਦੇ ਬੂਟੇ ਪਾ ਕੇ
ਸਜਾਈਏ ਨਵੇਂ ਉਸ ਤਾਣੇ ਨੂੰ।

ਆ ਫਿਰ ਇੱਕ ਦੂਜੇ ਲਈ ਜੀਏ
ਫਿਰ ਇੱਕ ਦੂਜੇ ਲਈ ਮਰੀਏ
ਭੁੱਲ ਕੇ ਰਸਮਾਂ-ਰੀਤਾਂ ਨੂੰ।
ਕਿਸਨੇ ਕਿਸਨੂੰ ਦਿੱਤਾ ਹੈ ਗਮ
ਛੱਡ ਦੇਈਏ ਕੌੜੀਆਂ ਬਾਤਾਂ ਨੂੰ।

ਚੰਨ-ਚਾਨਣੀ ਵਾਂਗ ਇੱਕਮਿਕ ਹੋਈਏ
ਰੁਸ਼ਨਾਈਏ ਕਾਲੀਆਂ ਰਾਤਾਂ ਨੂੰ
ਆ ਇਕ ਵਾਰੀ ਫਿਰ ਮਿਲ ਕੇ ਜਗਾਈਏ
ਸਦੀਆਂ ਤੋਂ ਸੁੱਤੇ ਖ਼ਾਬਾਂ ਨੂੰ
ਬਣ ਕੇ ਹਮਜੋਲੀ ਬਹੀਏ ਫਿਰ
ਦਈਏ ਹੁਲਾਰਾ ਪ੍ਰੀਤਾਂ ਨੂੰ।

## ਡਾਲੀ ਦਾ ਫੁੱਲ

ਇੱਕ ਦਿਨ ਸੀ ਮੈਂ ਜਾ ਰਹੀ
ਹੋ ਦੁਨੀਆਂ ਤੋਂ ਬੇਖਬਰ
ਕਦਮ ਮੇਰੇ ਰੁੱਕ ਗਏ
ਹੋਇਆ ਦਿਲ 'ਤੇ ਗਹਿਰਾ ਅਸਰ।

ਫੁੱਲ ਡਾਲੀ ਨਾਲੋਂ ਟੁੱਟਿਆ
ਡਾਲੀ ਵੀ ਨਾਲੇ ਰੋ ਪਈ
ਫੁੱਲ ਡਿਗਿਆ ਡਾਲੀ ਦੇ ਕਦਮੀਂ
ਜਵਾਨੀ ਡਾਲੀ ਦੀ ਸੀ ਖੋ ਗਈ।

ਪਲ-ਪਲ ਹੰਝੂ ਡਿੱਗਣ ਡਾਲੀ ਦੇ
ਹਾਲ ਦਿਲ ਦਾ ਉਹ ਸੁਣਾਵੇ
ਲੁੱਟਿਆ ਗਿਆ ਸੀ ਹੁਸਨ ਉਸਦਾ
ਉਹ ਵਾਂਗ ਸ਼ੁਦਾਈਆਂ ਰੋਵੇ।

ਕਹਿੰਦੀ ਡਾਲੀ ਫੁੱਲ ਨੂੰ
ਦੋ ਦਿਨ ਬਿਤਾਏ ਤੂੰ ਮੇਰੇ ਨਾਲ ਸੀ
ਰੰਗ ਤੇਰੇ ਵਿਚ ਰੰਗ ਕੇ
ਆਈ ਮੇਰੇ ਤੇ ਬਹਾਰ ਸੀ
ਵੇਖਣ ਵਾਲੇ ਨਾਲ ਤੇਰੇ
ਮੈਨੂੰ ਵੀ ਕਰਦੇ ਪਿਆਰ ਸੀ।

ਹੁਣ ਲੈ ਜਾਏਗਾ ਆਣ ਕੇ
ਤੈਨੂੰ ਤੇਰਾ ਮਹਿਰਮ ਯਾਰ
ਜਾਂ ਅਰਥੀ ਜਾਂ ਚੜ੍ਹਾ ਮੰਦਿਰ 'ਚ
ਲਾਏਗਾ ਤੇਰੀ ਬੇੜੀ ਪਾਰ

ਆਇਆ ਖਿਆਲ ਮਨ ਮੇਰੇ ਵਿਚ
ਵਾਂਗ ਫੁਲ ਦੇ ਛੱਡਣਾ ਹੈ ਮੈਂ ਵੀ ਸੰਸਾਰ
ਆਏਗਾ ਅਜ਼ਰਾਈਲ,
ਕਰ ਜਾਏਗਾ ਕਾਰ

ਟਹਿਕ ਕੇ ਡਾਲੀ ਨਾਲ ਦਿਨ ਚਾਰ
ਆਖਰ ਕਰਨਾ ਹੈ ਹੋਰ ਵਪਾਰ
ਨਾ ਡਾਲੀ ਗਈ ਨਾਲ ਫੁੱਲ ਦੇ
ਨਾ ਜਾਣਾ ਮੇਰੇ ਨਾਲ ਸੰਸਾਰ।

## ਸੁਪਨਾ

ਕਾਲੀ ਬੋਲੀ ਰਾਤ ਦੇ ਵਿਚੋਂ
ਚਾਨਣ ਦੀ ਇਕ ਲਹਿਰ ਸੀ ਫੁੱਟੀ
ਮਦਹੋਸ਼ੀ ਦਾ ਆਲਮ ਛਾਇਆ
ਜਿੰਦ ਗਈ ਜਿੰਦ ਵਿਚੋਂ ਲੁੱਟੀ।

ਅਰਸ਼ਾਂ ਦਾ ਚੰਨ
ਆ ਧਰਤ ਖਲੋਤਾ
ਛਲਕਿਆ ਨੈਣਾਂ ਦਾ ਸਾਗਰ
ਕੋਸੇ ਹੰਝੂਆਂ ਮੁੱਖ ਧੋਤਾ।

ਓਹ ਬੜਾ ਹੀ ਅਜਬ ਨਜ਼ਾਰਾ ਸੀ
ਚੰਨ ਅੱਖੀਆਂ ਸਾਹਵੇਂ ਆਇਆ ਸੀ
ਹੌਲੀ ਹੌਲੀ ਤੁਰਦਾ-ਤੁਰਦਾ
ਮਨ ਮੇਰੇ ਵਿੱਚ ਵਸਿਆ ਸੀ।

ਜਿਉਂ ਜਿਉਂ ਚੰਨ ਨੇੜੇ ਆਵੇ
ਰੂਹ ਮੇਰੀ ਬਸ ਕੰਬੀ ਜਾਵੇ
ਇਕੋ ਰੀਝ ਮਨ 'ਚ ਲੋਚੇ
ਇਕ ਬਿਰਹਨ ਨੂੰ ਚੰਨ ਉਸਦਾ
ਲੈ ਲਵੇ ਹੁਣ ਵਿਚ ਕਲਾਵੇ।

ਆਖਿਰ ਓਹਦੀ ਛੋਹ ਪਾਉਣ ਨੂੰ
ਹੱਥ ਮੈਂ ਅਗਾਂਹ ਵਧਾਇਆ
ਬਿਜਲੀ ਦੀ ਇਕ ਕੂੰਦ ਵਾਂਗ
ਉਸ ਚਾਨਣ ਨਵਾਂ ਦਿਖਾਇਆ।

ਹੱਥ ਲਾਵਾਂ ਪਰ ਹੱਥ ਨਾ ਆਵੇ
ਵਾਂਗ ਬੌਰਿਆਂ ਹਾਕਾਂ ਮਾਰਾਂ
ਬਸ ਅੱਗੋਂ ਓਹ ਹੱਸੀ ਜਾਵੇ।

ਓਹ ਅੱਗੇ ਮੈਂ ਓਹਦੇ ਪਿੱਛੇ
ਪਰ ਮੈਥੋਂ ਓਹ ਫੜ੍ਹ ਨਾ ਹੋਵੇ
ਜਿਉਂ ਜਿਉਂ ਓਹਦੇ ਮਗਰ ਮੈਂ ਨੱਠਾਂ
ਅੰਬਰ ਵੱਲ ਓਹ ਨੱਸਦਾ ਜਾਵੇ।

ਆਖਿਰ ਚਰਨਾਂ ਦੀ ਛੋਹ ਦੇ ਕੇ
ਰੰਗ ਆਪਣੇ ਵਿਚ ਮੈਨੂੰ ਰੰਗ ਕੇ
ਪ੍ਰੇਮ ਦੀ ਇਕ ਲਹਿਰ ਸੀ ਪਸਰੀ
ਲੁਕ ਗਿਆ ਓਹ ਆਕਾਸ਼ 'ਚ ਜਾ ਕੇ।

ਮਿੱਟੀ ਮੋਈ ਵਿਚ ਰੂਹ ਆਈ
ਚੰਨ ਆਪਣੇ ਦੀ ਇੱਕ ਛੋਹ ਪਾ ਕੇ
ਦਿਨ ਨਾਲੋਂ ਤਾਂ ਰਾਤ ਹੀ ਚੰਗੀ
ਚੰਨ ਤੱਕਿਆ ਮੈਂ ਚੰਨ ਦੀ ਹੋ ਕੇ
ਹਕੀਕਤ ਨਾਲੋਂ ਸੁਪਨਾ ਹੀ ਚੰਗਾ
ਨੈਣ ਮਿਲੇ ਨੈਣਾਂ ਦੇ ਹੋ ਕੇ।

## ਰੌਂਅ ਵਿਚ ਵਹਿਣਾ

ਜ਼ਿੰਦਗੀ ਦਾ ਤਾਣਾ ਉਲਝਿਆ ਹੀ ਰਹਿਣਾ
ਪਰ ਆਪਾਂ ਤਾਂ ਆਪਣੀ ਰੌਂਅ ਵਿੱਚ ਵਹਿਣਾ।
ਥੱਕ ਹਾਰ ਕੇ ਘਰ ਮੈਂ ਪੁੱਜਾ
ਵਹੁਟੀ ਦਾ ਕੜਕਾ ਸਿਰ 'ਚ ਵੱਜਾ
"ਆ ਵੜਿਐਂ ਘਰ ਭੌਂਕ-ਭੁਕਾ ਕੇ
ਲੈ ਆ ਆਟਾ ਮੇਰੀ ਜਿੰਦ ਮੁਕਾ ਕੇ।
ਰੌਂਦੇ ਨਿਆਣੇ ਮੈਥੋਂ ਵੇਖ ਨਾ ਹੁੰਦੇ
ਚਾਰ ਦਿਨ ਹੋ ਗਏ ਭੁੱਖਿਆਂ ਸੌਂਦੇ।"

ਪੀ ਘੁੱਟ ਜ਼ਹਿਰ ਦਾ ਨੈਣ ਮੈਂ ਮੂੰਦੇ
ਰਹੇ ਬਾਣ ਸਬਰ ਦੇ ਮੇਰੀ ਜਿੰਦ ਨੂੰ ਕੂੰਹਦੇ।
ਦਾਲ ਗੰਢਿਆਂ ਦਾ ਭਾਅ ਨਹੀਂ ਘੱਟਣਾ
ਤੜਕਾ ਸਾਡੇ ਘਰ ਨਹੀਂ ਲੱਗਣਾ
ਨਾਗ ਮਹਿੰਗਾਈ ਦਾ ਇੰਝ ਫੁੰਕਾਰਨ ਲੱਗਾ
ਤਾਂ ਨਾ ਬਣਨਾ ਗੁੱਡੀ ਦਾ ਝੱਗਾ
ਤੇ ਨੱਕ "ਪੱਪੂ" ਦਾ ਵੱਗਦਾ ਹੀ ਰਹਿਣਾ
ਪਰ ਆਪਾਂ ਤਾਂ ਆਪਣੀ ਰੌਂਅ ਵਿੱਚ ਵਹਿਣਾ।

ਰਾਜਨੀਤੀ ਦਾ ਢੋਲ ਨੇ ਪਿੱਟਦੇ
ਚੋਗ ਖਿੰਡਾ ਲੋਥਾਂ ਨੂੰ ਲੁੱਟਦੇ
ਪੂਰਵਜਾਂ ਦਾ ਮਾਨ ਨਾ ਕਰਦੇ
ਪਾਣੀ ਮਤਲਬ ਦਾ ਹੀ ਭਰਦੇ
ਬੋਲਾਂ ਦੇ ਵਿੱਚ ਭਰ ਕੇ ਹਮਦਰਦੀ
ਕਹਿੰਦੇ,"ਮੈਥੋਂ ਛੁੱਟ ਤੇਰਾ ਕੋਈ ਨਾ ਦਰਦੀ"
ਵੋਟ ਜੇ ਮੈਨੂੰ ਪਾ ਦਿਓਗੇ
ਮੁੱਕ ਜਾਵੇਗੀ ਸਾਰੀ ਸਿਰਦਰਦੀ।

ਸੱਚ ਕਿਹਾ ਮੰਤਰੀ ਜੀ ਝੂਠ ਨਾ ਬੋਲੇ
ਭੁੱਖੇ ਨੰਗੇ ਲੋਕ ਜਦ ਮਰ ਜਾਣਗੇ
ਫਿਰ ਮੁਰਦਾ ਕਿੰਝ ਕਬਰ 'ਚੋਂ ਬੋਲੇ
ਕੀ ਹੋਣੀ ਇਸ ਦੇਸ਼ ਦੀ ਰੱਖਿਆ
ਜਦ ਤੀਰ ਢਿੱਡੋਂ ਜੰਮੇ ਦਾ ਵੱਜਿਆ
ਨਾ ਬਚਣਾ ਕੋਈ ਗਰੀਬ ਨਿਮਾਣਾ
ਜੇ ਟਿੱਡੀ ਦਲ ਇਹ ਫੈਲਿਆ ਹੀ ਰਹਿਣਾ
ਪਰ, ਆਪਾਂ ਤਾਂ ਆਪਣੀ ਰੌਂਅ ਵਿੱਚ ਵਹਿਣਾ।

ਮੁੱਲਾ ਆਖੇ ਅੱਲਾ ਮੇਰਾ
ਹਿੰਦੂ ਆਖੇ ਰਾਮ ਹੈ ਮੇਰਾ
ਮੰਦਿਰ ਨਹੀਂ ਇੱਥੇ ਮਸਜਿਦ ਹੋਵੇ
ਚਰਚਾ ਮੇਰੇ ਹੀ ਧਰਮ ਦਾ ਹੋਵੇ।

ਝੂਠੇ ਢੌਂਗ ਤੇ ਭਰਮ ਫੈਲਾਉਣ
ਰੱਬ ਦੇ ਨਾਂ ਬੰਦੇ ਰੱਬ ਦੇ ਮਰਵਾਉਣ।
ਰੌਲਾ ਦੋਹਾਂ ਦਾ ਮਿਟ ਜਾਵੇਗਾ
ਜੇ ਇਸ ਭੂਮੀ ਤੇ ਸ਼ਮਸ਼ਾਨ ਬਣਾਉਣ
ਪਰ ਨਾ ਮਿਟਣਾ ਧਰਮਾਂ ਦਾ ਰੌਲਾ
ਤੇ ਖੂਨ ਮਨੁੱਖਤਾ ਦਾ ਡੁੱਲ੍ਹਦਾ ਹੀ ਰਹਿਣਾ।
ਪਰ, ਆਪਾਂ ਤਾਂ ਆਪਣੀ ਰੌਂਅ ਵਿੱਚ ਵਹਿਣਾ।

ਹੱਕ ਪਰਾਇਆ ਮਾਰਨ ਖਾਤਰ
ਹੱਥਾਂ ਤੇ ਹੱਥ ਮਾਰਦੇ ਫਿਰਦੇ
ਖੀਸੇ ਆਪਣੇ ਭਰਨ ਦੀ ਖਾਤਰ
ਢਿੱਡ ਦੂਜਿਆਂ ਦਾ ਵੱਢਦੇ ਫਿਰਦੇ

ਵੱਧਦਾ ਕਿਸੇ ਨੂੰ ਜਰ ਨਾ ਸਕਦੇ
ਮੂੰਹੋਂ ਟੁੱਕ ਵੀ ਖੋਂਹਦੇ ਫਿਰਦੇ।

ਬੰਗਲਾ ਇਕ ਬਣਾ ਲਵਾਂ ਮੈਂ
ਜੇ "ਸਾਮੀ" ਥਿੰਦੀ ਫੱਸ ਜਾਵੇ
ਕੱਪੜਾ ਤਨ ਦਾ ਲਾਹ ਲਵਾਂ ਮੈਂ
ਜੇ ਕੰਨੀ ਪੱਲੇ ਦੀ ਇੱਕ ਫੜਾ ਦੇਵੇ
ਮਿੱਠੀਆਂ ਜ਼ਹਿਰ ਦੀਆਂ ਪੁੜੀਆਂ ਦੇ
ਬਣ ਜੋਕ ਖੂਨ ਚੂਸ ਲਵਾਂ ਮੈਂ

ਫੱਸ ਨਾ ਜਾਵੀਂ ਵਿੱਚ ਪੰਜੇ ਇਸਦੇ
ਲੈ ਬਗਲ ਛੁਰੀ ਮੂੰਹੋਂ ਰਾਮ-ਰਾਮ ਜੋ ਜਪਦੇ
ਵਿਆਜ ਨੂੰ ਵਿਆਜ ਹੋਰ ਲਗਾ ਕੇ
ਖੂਨ ਜੋਕਾਂ ਨੇ ਚੂਸਦੇ ਹੀ ਰਹਿਣਾ।
ਪਰ, ਆਪਾਂ ਤਾਂ ਆਪਣੀ ਰੌਂਅ ਵਿੱਚ ਵਹਿਣਾ।

## ਰਿਸ਼ਤੇ

ਕਿੰਨੇ ਫਿੱਕੇ-ਫਿੱਕੇ, ਟੁੱਟੇ-ਟੁੱਟੇ
ਹਾਂ, ਲਿੱਸੇ ਲਿੱਸੇ ਹੋ ਗਏ ਨੇ,
ਰਿਸ਼ਤੇ ਸਨ ਜੋ ਪਿਆਰ ਭਰੇ
ਕਿਹੜੀਆਂ ਕਬਰਾਂ 'ਚ ਸੌਂ ਗਏ ਨੇ ?

ਨਵੀਂ ਦੌੜ ਇੱਕ ਚੱਲ ਪਈ ਏ
ਰਫ਼ਤਾਰ ਲੋਕਾਂ ਨੇ ਫੜ੍ਹ ਲਈ ਏ।
ਧੂੜ ਕਦਮਾਂ ਦੀ ਉੱਡਦੀ ਉੱਡਦੀ
ਅੰਬਰ ਵੀ ਧੁੰਦਲਾ ਕਰ ਗਈ ਏ
ਮਿੱਟੀ ਹੀ ਮਿੱਟੀ, ਨ੍ਹੇਰਾ ਹੀ ਨ੍ਹੇਰਾ

ਆਦੀ ਹੋ ਨ੍ਹੇਰੇ ਦੀ,
ਦੁਨੀਆਂ ਅੰਨ੍ਹੀ ਹੋ ਗਈ ਏ
ਪਿਆਰ, ਹਮਦਰਦੀ ਨੂੰ ਟੰਗ ਛਿੱਕੇ
ਕਤਲੇਆਮ ਵਿਸ਼ਵਾਸ ਦੀ ਹੋ ਗਈ ਏ।

ਕਤਲਗੜ੍ਹੀ ਵਿਚ ਕਤਲ ਨੇ ਹੋਏ
ਹੱਕ, ਸੱਚ, ਈਮਾਨ ਡੁੱਟ-ਡੁੱਟ ਕੇ ਰੋਏ।
ਪਰ, ਹਿੱਕ ਤਾਣ ਭਰਦੇ ਸਨ ਹੁੰਗਾਰਾ
ਜੋ ਜੀਉਂਦੀ ਮਾਨਵਤਾ ਦਾ
ਓਹ ਇਨਸਾਨ ਕਿੱਥੇ ਮਰ ਗਏ ਨੇ।

ਕਿੰਨੇ ਫਿੱਕੇ-ਫਿੱਕੇ, ਟੁੱਟੇ-ਟੁੱਟੇ
ਹਾਂ, ਲਿੱਸੇ ਲਿੱਸੇ ਹੋ ਗਏ ਨੇ,
ਰਿਸ਼ਤੇ ਸਨ ਜੋ ਪਿਆਰ ਭਰੇ
ਕਿਹੜੀਆਂ ਕਬਰਾਂ 'ਚ ਸੌਂ ਗਏ ਨੇ ?

## ਰੋਸ਼ਨ ਚਿਰਾਗ

ਨਾ ਕਰ ਹੁਣ ਰੋਸ਼ਨ ਚਿਰਾਗ
ਮੇਰੀ ਕਬਰ 'ਤੇ
ਲੱਗਦਾ ਏ ਤਿੱਖਾ ਬਾਣ
ਇਹ ਮੇਰੇ ਸਬਰ 'ਤੇ।

ਉਮਰ ਭਰ ਕਤਲ ਮੈਂ
ਖਾਹਿਸ਼ਾਂ ਦੇ ਕਰਦਾ ਰਿਹਾ।
ਪਲ ਭਰ ਜੀਉਣ ਦੇ ਲਈ
ਹਰ ਪਲ ਮੈਂ ਮਰਦਾ ਰਿਹਾ।

ਪਲ ਭਰ ਚੈਨ ਪਾਉਣ ਲਈ
ਪਾਣੀ ਗਮਾਂ ਦਾ
ਉਮਰ ਭਰ ਭਰਦਾ ਰਿਹਾ।

ਮਿਲਿਆ ਨਾ ਚੈਨ
ਦੁਨੀਆਂ ਦੇ ਧੱਕੇ ਧੌੜਿਆਂ ਤੋਂ
ਪਰ ਸਫਰ ਇੰਞ ਹੀ
ਜ਼ਿੰਦਗੀ ਦਾ ਕੱਟਦਾ ਰਿਹਾ।

ਹੁਣ ਨਾ ਚਿੰਤਾ ਨਾ ਖਾਹਿਸ਼ ਕੋਈ
ਕੀ ਏ ਰੰਜ਼ਿਸ਼ ਤੈਨੂੰ ?
ਹੁਣ ਮੇਰੇ ਅਮਨ ਤੇ।
ਨਾ ਕਰ ਹੁਣ ਰੋਸ਼ਨ ਚਿਰਾਗ
ਮੇਰੀ ਕਬਰ 'ਤੇ।

ਨਿੱਤ ਬਣ ਕੇ ਤੂੰ ਨਾਰ ਨਵੇਲੀ
ਜ਼ਿੰਦਗੀ ਮੈਨੂੰ ਭਰਮਾਉਂਦੀ ਰਹੀ

ਆਪਣੀ ਨਿੱਕੀ ਉਂਗਲੀ ਉਤੇ
ਨਾਚ ਹਜ਼ਾਰਾਂ ਨਚਾਉਂਦੀ ਰਹੀ
ਰਸਮਾਂ-ਭਰਮਾਂ ਦੇ ਜਾਲ ਵਿਛਾ
ਤੰਦਾਂ ਨਵੀਂਆਂ 'ਚ ਉਲਝਾਉਂਦੀ ਰਹੀ

ਛੱਡ ਦੇ ਹੁਣ ਨਾ ਪਾ ਜੰਜ਼ੀਰਾਂ
ਚੱਲਣ ਦੇ ਮਸਤੀ ਭਰੀ ਡਗਰ 'ਤੇ
ਨਾ ਕਰ ਹੁਣ ਰੋਸ਼ਨ ਚਿਰਾਗ
ਮੇਰੀ ਕਬਰ 'ਤੇ।

ਦਿਲ ਆਪਣੇ ਦਾ ਖ਼ੂਨ ਪਿਆ ਕੇ
ਤੇਰੇ ਲੋਕਾਂ ਦਾ ਜੀਅ ਪ੍ਰਚਾਇਆ
ਸਧਰਾਂ ਦੀ ਬਰਸਾਤ ਹੁੰਦੀ ਰਹੀ
ਪਰ ਰਿਹਾ ਫਿਰ ਵੀ ਮੈਂ ਤ੍ਰਿਹਾਇਆ।

ਬੋਟੀ-ਬੋਟੀ ਮੇਰੀ ਜ਼ਿੰਦ ਦੀ ਖਾ ਕੇ
ਤੇਰੇ ਲੋਕਾਂ ਨੇ ਬਹੁਤ ਸਤਾਇਆ।
ਹੁਣ ਤਾਂ ਜ਼ਿੰਦਗੀ ਬਖਸ਼ ਮੈਨੂੰ ਅਮਨ ਮੇਰਾ
ਸਹਿਣ ਨਾ ਹੁੰਦੇ ਜ਼ਖਮ ਹੋਰ ਮੇਰੇ ਜਿਸਮ 'ਤੇ
ਨਾ ਕਰ ਹੁਣ ਰੋਸ਼ਨ ਚਿਰਾਗ
ਮੇਰੀ ਕਬਰ 'ਤੇ
ਲੱਗਦਾ ਏ ਤਿੱਖਾ ਬਾਣ
ਇਹ ਮੇਰੇ ਸਬਰ 'ਤੇ।

## ਟੁੱਟਣ ਦਾ ਹੁਣ ਜ਼ੋਰ ਨਹੀਂ

ਕਿੰਨੀ ਵਾਰ ਟੁੱਟੀ ਤੇ ਬਿਖਰੀ
ਮੈਂ ਤੇਰੀ ਸੇਜ 'ਤੇ।
ਹੰਝੂ ਬਣ ਕੇ ਵੀ ਉਕਰੀ
ਜ਼ਿੰਦਗੀ ਦੇ ਪੇਜ਼ 'ਤੇ।

ਨਹੀਂ ਕੋਈ ਫੁੱਲ ਚੜ੍ਹਾਉਣ ਵਾਲਾ
ਸਾਦਗੀ ਦੇ ਭੇਸ 'ਤੇ।
ਹੈ ਹਰ ਨਿਗਾਹ ਪਿਆਸੀ
ਹੈ ਹਰ ਦਿਲ ਭੁੱਖਾ
ਕੋਂਹਦਾ ਰਿਹਾ ਇਸ ਜਿੰਦ ਨੂੰ
ਜਦੋਂ ਵੀ ਤੇਰਾ ਦਾਅ ਲੱਗਾ।

ਪਰ ਹਰ ਵਾਰ ਟੁੱਟਣ ਲਈ
ਇੱਕ ਮੈਂ ਹੀ ਕਿਉਂ ?

ਮੈਂ ਕੋਈ ਖਿਡੌਣਾ ਨਹੀਂ
ਤੂੰ ਖੇਡਿਆ, ਵਕਤ ਗੁਜਾਰਿਆ
ਰੌਂਦੇ ਨੈਣ ਛੱਡ ਬਿਖਰੇ ਕੇਸ
ਆਪਣੀ ਪਿਆਸ ਬੁਝਾ
ਤੂੰ ਟੁਰ ਗਿਆ।

ਮੈਂ ਕੋਈ ਪੱਥਰ ਨਹੀਂ
ਜਿਸ 'ਚ ਕੋਈ ਜਜ਼ਬਾਤ ਨਹੀਂ
ਜੋ ਠੋਕਰ ਮਾਰੀ
ਤੇ ਰਾਹ ਆਪਣੇ
ਤੂੰ ਟੁਰ ਗਿਆ।

ਇੱਕ ਵਾਰ ਪੜ੍ਹ ਕੇ ਤਾਂ ਵੇਖ
ਖੁਲ੍ਹੀ ਕਿਤਾਬ ਹਾਂ ਮੈਂ
ਕਦੇ ਮਹਿਸੂਸ ਕਰਕੇ ਤਾਂ ਵੇਖ
ਇੱਕ ਅਹਿਸਾਸ ਹਾਂ ਮੈਂ।
ਤੈਥੋਂ ਟੁੱਟ ਜੋ ਤੇਰੀ ਹੋਈ
ਮੈਂ ਹੀ ਹਾਂ ਕੋਈ ਹੋਰ ਨਹੀਂ
ਹੋਰ ਨਾ ਤੋੜੀਂ ਜਜ਼ਬਾਤਾਂ ਨੂੰ
ਟੁੱਟਣ ਦਾ ਹੁਣ ਜ਼ੋਰ ਨਹੀਂ।

## ਕਿੰਝ ਕਰਾਂ ਯਕੀਨ

ਜ਼ਿੰਦਗੀ ਦੇ ਇਸ ਸਫ਼ਰ ਵਿੱਚ
ਬੜੇ ਹਮਦਮ ਤੇ ਹਮਦਰਦ ਵੀ ਹਨ
ਪਰ ਕਿੰਝ ਕਰਾਂ ਯਕੀਨ
ਕਿ
ਉਹ ਮੇਰੇ ਤੇ ਬਸ ਮੇਰੇ ਹੀ ਹਨ।

ਧੁੱਪ ਤੇ ਛਾਂ ਵਾਂਗ ਬਦਲ ਜਾਂਦੇ ਨੇ ਸਭ
ਇੱਕ ਪਲ ਇੱਥੇ ਦੂਜੇ 'ਚ ਉਥੇ
ਤੋੜਨ ਲੱਗੇ ਦਿਲ ਨਿਮਾਣੇ
ਬੇਦਰਦ ਲੋਕ ਸੋਚਦੇ ਨੇ ਕਦ
ਪਹਿਲਾਂ ਪਾਉਣ ਯਾਰੀਆਂ
ਫਿਰ ਮਾਰਨ ਖੰਜਰ
ਕਤਲ ਹਸਰਤਾਂ ਦਾ ਕਰਨ ਲੱਗੇ
ਬੇਗੈਰਤ ਮਹਿਰਮ ਸੋਚਦੇ ਨੇ ਕਦ

ਮੈਂ ਅਨਜਾਣ ਨਿਮਾਣੀ ਜਿੰਦੜੀ
ਮਿਲੀ ਜਿਸਨੂੰ ਲੱਗਾ ਮੇਰੇ ਹਨ ਸਭ
ਅਸੀਂ ਮਾਰ ਜਿੰਦੇ ਸਾਂਭ ਸੁਗਾਤਾਂ
ਨੈਣ ਮੂੰਦ ਨੀਂਦ ਗਹਿਰੀ ਸੁੱਤੇ ਰਹੇ
ਅੱਖ ਖੁਲ੍ਹੀ, ਪੈਰੋਂ ਧਰਤ ਹਿੱਲੀ
ਸਾਨੂੰ ਪਤਾ ਹੀ ਨਾ ਲੱਗਾ
ਨਾ ਖੜਾਕ ਹੋਇਆ ਕੋਈ
ਤੇ ਉਹ ਬਣ ਮਹਿਰਮ
ਲਹੂ ਜਿਗਰ ਦਾ ਚੂਸ ਗਏ ਕਦ।

ਛੱਡਾਂ ਕਿਸਨੂੰ ਤੇ ਅਪਨਾਵਾਂ ਕਿਸਨੂੰ
ਕਦਮ ਮੇਰੇ ਚੌਰਾਹੇ ਵਿੱਚ ਖੜ੍ਹੇ ਹਨ
ਜ਼ਿੰਦਗੀ ਦੇ ਇਸ ਸਫ਼ਰ ਵਿੱਚ
ਬੜੇ ਹਮਦਮ ਤੇ ਹਮਦਰਦ ਵੀ ਹਨ
ਪਰ ਕਿੰਝ ਕਰਾਂ ਯਕੀਨ
ਕਿ
ਉਹ ਮੇਰੇ ਤੇ ਬਸ ਮੇਰੇ ਹੀ ਹਨ।

## ਪੁਕਾਰ

ਇਸ ਇੱਕਲੀ ਰਾਤ ਵਿਚ
ਮੈਂ ਕਿਸਨੂੰ ਪੁਕਾਰਾਂ
ਸੁਣਾਵਾਂ ਜਿਸਨੂੰ ਬਾਤ ਮੈਂ
ਓਹ ਭਰੇ ਹੁੰਗਾਰਾ।

ਨਾ ਰਹੇ ਕੋਈ ਵੀ ਫਾਸਲਾ
ਵਿੱਚ ਦੋ ਦਰਿਆਵਾਂ
ਪੜ੍ਹ ਲਵੇ ਉਹ ਖਤ ਮੇਰਾ
ਜਿਹੜਾ ਲੈ ਜਾਣ ਹਵਾਵਾਂ।
ਬਣ ਕੇ ਕਿਸ਼ਤੀ ਮੈਂ ਤੁਰਾਂ
ਉਹ ਬਣ ਜਾਵੇ ਕਿਨਾਰਾ
ਇਸ ਇੱਕਲੀ ਰਾਤ ਵਿੱਚ
ਮੈਂ ਕਿਸਨੂੰ ਪੁਕਾਰਾਂ।

ਬਣੇ ਉਹ ਜੋਗੀ ਮੁੰਦਰਾਂ ਵਾਲਾ
ਮੈਂ ਨਾਗਨ ਬਣ ਜਾਵਾਂ
ਬੀਨ ਵਜਾਵੇ ਉਹ ਮਸਤੀ ਭਰੀ
ਮੈਂ ਰਾਹਾਂ ਵਿੱਚ ਵਿਛ ਜਾਵਾਂ
ਬਣ ਜਾਵੇ ਉਹ ਮਾਂਦਰੀ
ਚੂਸੇ ਜ਼ਹਿਰ ਗਮਾਂ ਦਾ ਸਾਰਾ
ਇਸ ਇੱਕਲੀ ਰਾਤ ਵਿੱਚ
ਮੈਂ ਕਿਸਨੂੰ ਪੁਕਾਰਾਂ।

ਬਹੇ ਉਹ ਮੇਰੇ ਕੋਲ
ਖੋਲ੍ਹਾਂ ਹਾਲ ਦਿਲੇ ਦਾ
ਸੁਲਝਾਵਾਂ ਸਾਰੀ ਬਾਤ

ਕਿੰਝ ਧਰਤ ਆਕਾਸ਼ ਮਿਲੇਗਾ
ਵੰਡੇ ਜੇ ਪੀੜ ਹਿਜਰ ਦੀ
ਮੈਂ ਬਣ ਜਾਵਾਂ ਸਹਾਰਾ
ਇਸ ਇੱਕਲੀ ਰਾਤ ਵਿਚ
ਮੈਂ ਕਿਸਨੂੰ ਪੁਕਾਰਾਂ।

ਮੁੱਕ ਜਾਵੇ ਹਰ ਭੇਦ ਦੋਹਾਂ 'ਚ
ਹੋ ਜਾਈਏ ਦੋਵੇਂ ਇੱਕੋ-ਕੋਈ
ਬਿਨ ਪੁੱਛੇ ਬਿਨ ਦੱਸੇ ਕੁੱਝ ਵੀ
ਬਣ ਜਾਵੇ ਆਰਮਾਨਾਂ ਦੀ ਢੋਈ
ਬਣ ਕੇ ਮਹਿਰਮ ਸੁਣ ਲਵੇ
ਜਦ ਚੁੱਪ ਲਬਾਂ 'ਚੋਂ ਆਵਾਜ਼ ਲਗਾਵਾਂ
ਇਸ ਇੱਕਲੀ ਰਾਤ ਵਿਚ
ਮੈਂ ਕਿਸਨੂੰ ਪੁਕਾਰਾਂ
ਸੁਣਾਵਾਂ ਜਿਸਨੂੰ ਬਾਤ ਮੈਂ
ਓਹ ਭਰੇ ਹੁੰਗਾਰਾ।

## ਕੈਸੀ ਰੁੱਤ

ਇਹ ਕੈਸੀ ਰੁੱਤ ਆ ਗਈ ਹੈ
ਉਦਾਸੀ ਸਭ ਪਾਸੇ ਛਾ ਗਈ ਹੈ।
ਨਾ ਸ਼ੋਖ ਚੰਚਲ ਮਦਮਸਤ ਜਵਾਨੀ
ਨਾ ਹੀ ਕਦਮਾਂ ਵਿੱਚ ਰਵਾਨੀ
ਮੁਰਝਾਇਆ ਹਰ ਇੱਕ ਦਾ ਚਿਹਰਾ
ਨਹੀਂ ਸੁਣਾਉਂਦਾ ਖੁਸ਼ਰੰਗ ਕਹਾਣੀ
ਤਿੜਕਿਆ ਥੱਕਿਆ ਤੇ ਟੁੱਟਿਆ ਹੈ
ਨਗਮਾਂ ਹਵਾ ਜੋ ਸੁਣਾ ਰਹੀ ਹੈ।
ਇਹ ਕੈਸੀ ਰੁੱਤ ਆ ਗਈ ਹੈ
ਉਦਾਸੀ ਸਭ ਪਾਸੇ ਛਾ ਗਈ ਹੈ।

ਨਾ ਹੈ ਨੈਣਾਂ ਵਿਚ ਸ਼ਰਾਰਤ
ਨਾ ਹੀ ਹੋਠਾਂ ਤੇ ਮੁਸਕ੍ਰਾਹਟ
ਬੋਲੇ ਬਹਿਰੇ ਕੰਨ ਨੇ ਹੋਏ
ਸੁਣਦੇ ਨਹੀਂ ਕਦਮਾਂ ਦੀ ਆਹਟ
ਥਿਰਕੀ ਸੁਰ ਜੋ ਵੀਣਾਂ ਦੀ ਤਾਰੋਂ
ਬਿਸਰੀ ਦਾਸਤਾਂ ਦੁਹਰਾ ਰਹੀ ਹੈ।
ਇਹ ਕੈਸੀ ਰੁੱਤ ਆ ਗਈ ਹੈ
ਉਦਾਸੀ ਸਭ ਪਾਸੇ ਛਾ ਗਈ ਹੈ।

ਨਾ ਹੈ ਦਰਿਆਵਾਂ ਵਿੱਚ ਹਲਚਲ
ਨਾ ਹੀ ਝਰਨੇ ਕਰਦੇ ਕਲਕਲ
ਮੋਈਆਂ ਮੋਈਆਂ ਨੇ ਹਵਾਵਾਂ
ਜਿੰਦ ਫਸੀ ਵਿੱਚ ਡੂੰਘੀ ਦਲਦਲ
ਪੀਲਾ ਜੁੱਸਾ ਹੋਏ ਪੀਲੇ ਨੈਣ
ਬਣਿਆ ਪਿੰਜਰ ਜਿੰਦ ਮੁੱਕ ਗਈ ਹੈ

ਇਹ ਕੈਸੀ ਰੁੱਤ ਆ ਗਈ ਹੈ
ਉਦਾਸੀ ਸਭ ਪਾਸੇ ਛਾ ਗਈ ਹੈ।

ਨਾ ਲੱਗਣ ਪਿੱਪਲਾਂ ਹੇਠ ਮਹਿਫਿਲਾਂ
ਨਾ ਭੱਠੀਆਂ ਕੋਲ ਜੁੜਨ ਸਹੇਲੀਆਂ
ਨਾ ਹੁਲਾਰੇ ਮਾਰਨ ਪੀਂਘਾਂ
ਨਾ ਕਿੱਕਲੀਆਂ ਮਾਰਨ ਕਿਲਕਾਰਾਂ
ਫਿਕਰਾਂ ਦਾ ਭੱਠ ਲਾਖਾ ਹੋਇਆ
ਤੇਰੇ ਮੇਰੇ ਦੇ ਚੱਕਰ ਵਿੱਚ
ਜਿੰਦ ਅਣਮੁੱਲੀ ਫਸ ਗਈ ਹੈ।
ਇਹ ਕੈਸੀ ਰੁੱਤ ਆ ਗਈ ਹੈ
ਉਦਾਸੀ ਸਭ ਪਾਸੇ ਛਾ ਗਈ ਹੈ।

## ਕੋਸ਼ਿਸ਼

ਕਿਸੇ ਪਿਆਰੇ ਦੇ ਨਾਲ ਵੰਡਿਆਂ
ਦੁੱਖ ਦਾ ਜ਼ਖ਼ਮ ਸੁੱਕ ਜਾਂਦਾ
ਹਾੜੇ ਦਿਲਾਂ ਦੇ ਅੰਦਰ ਰੱਖ ਕੇ
ਇਹ ਨਿੱਤ ਅੱਲਾ ਹੋ ਜਾਂਦਾ।

ਕਾਸ਼! ਤੇਰਾ ਦੁੱਖ ਸਮਝਣ ਦੀ
ਸੂਝ ਮੈਂ ਰੱਬ ਤੋਂ ਪਾਉਂਦਾ
ਟਹਿਣੀ ਦਾ ਫੁੱਲ ਬਣ ਮਿਲਦਾ ਤੈਨੂੰ
ਕਾਸ਼! ਕੰਡਾ ਸੀਨੇ ਮੇਰੇ ਚੁੱਭ ਜਾਂਦਾ।

ਦੁੱਖ ਦੀਆਂ ਗੰਢਾਂ ਪੀਡੀਆਂ ਕਰਕੇ
ਵਿਸ ਅੰਦਰੋਂ-ਅੰਦਰੀਂ ਘੋਲੇ
ਨੈਣਾਂ ਦੇ ਖੰਭ ਹਾਲ ਫਰੋਲਣ
ਬੁਲੀਆਂ ਤੋਂ ਬੋਲ ਨਾ ਬੋਲੇ
ਡਰਿਆ ਜੱਗ ਹਸਾਈਆਂ ਤੋਂ
ਨਾ ਹਾਲ ਦਿਲੇ ਦਾ ਖੋਲ੍ਹੇਂ।

ਠੀਕ ਹੈਂ ਸ਼ਾਇਦ! ਤੂੰ ਆਪਣੀ ਥਾਵੇਂ
ਦੁਨੀਆ ਦੇ ਦਿਲ ਕਾਲੇ ਹੋਏ
ਇੱਕ ਦੁੱਖ ਜੇ ਦੱਸੀਏ ਕਿਸੇ ਨੂੰ
ਦੁੱਖ ਵੱਧ ਕੇ ਚੌਣਾ ਹੋ ਜਾਂਦਾ
ਪਰ ਲੱਭਣ ਦੀ ਜੇ ਕੋਸ਼ਿਸ਼ ਕਰੀਏ
ਮਰ੍ਹਮ ਜ਼ਖ਼ਮ ਦਾ ਮਿਲ ਜਾਂਦਾ।
ਕਿਸੇ ਪਿਆਰੇ ਦੇ ਨਾਲ ਵੰਡਿਆਂ
ਦੁੱਖ ਦਾ ਜ਼ਖ਼ਮ ਸੁੱਕ ਜਾਂਦਾ
ਹਾੜੇ ਦਿਲਾਂ ਦੇ ਅੰਦਰ ਰੱਖ ਕੇ
ਇਹ ਨਿੱਤ ਅੱਲਾ ਹੋ ਜਾਂਦਾ।

## ਪਿਆਰੀ ਘੁੱਗੀ

ਨਿੱਕੀ ਜਿਹੀ ਤੇ ਕਿੰਨੀ ਸੋਹਣੀ
ਤੂੰ ਪਿਆਰੀ ਜਿਹੀ ਘੁੱਗੀ ਏਂ।
ਭੋਲੀ ਜਿਹੀ ਨਿਮਾਣੀ ਜਿਹੀ ਤੂੰ
ਕਿਉਂ ਹਰ ਵੇਲੇ ਹੀ ਡਰਦੀ ਏਂ ?

ਮਾਸਾ ਜਿੰਨੀ ਭੌਰਾ ਜਿੰਨੀ
ਨਿਮਾਣੀ ਜਿਹੀ ਤੂੰ ਜਿੰਦੜੀ ਏਂ।
ਅਰਸ਼ਾਂ 'ਚ ਵੀ ਜਦ ਲਾਵੇਂ ਉਡਾਰੀ
ਤਾਂ ਵੀ ਡਰਦੀ ਰਹਿੰਦੀ ਏਂ।
ਮਤਾਂ ਕਿਧਰੇ ਲੱਗ ਨਾ ਜਾਵੇ
ਨਿਰਮੋਹੀ ਵੈਰੀ ਦਾ ਤੀਰ
ਹਰਦਮ ਖਿਆਲ ਤੂੰ ਇਹੀ ਕਰਦੀ ਏਂ।

ਲੱਗੇ ਤੂੰ ਮੈਨੂੰ ਦੇਵੀ ਦੇ ਵਾਂਗ
ਸਿਰ ਝੁਕਾ, ਇੱਕ ਦਾਣਾ ਜਦ ਚੁੱਗਦੀ ਏਂ।
ਸ਼ਰਮ ਨਾ ਆਉਂਦੀ ਹਤਿਆਰੇ ਨੂੰ
ਭੋਜਨ ਜਿਸਦਾ ਤੂੰ ਬਣਦੀ ਏਂ।

ਤੂੰ ਹੈਂ ਇੱਕ ਖਿਡੌਣੇ ਵਾਂਗ
ਨੱਚ ਟੱਪ ਜੋ ਸਭ ਦਾ ਦਿਲ ਬਿਹਲਾਉਂਦੀ ਏਂ।
ਨਿੱਕੀ ਜਿਹੀ ਤੇ ਕਿੰਨੀ ਸੋਹਣੀ
ਤੂੰ ਪਿਆਰੀ ਜਿਹੀ ਘੁੱਗੀ ਏਂ।

## ਗਰੀਬ ਦਾ ਦਿਲ

ਓ ਰੱਬਾ! ਦੁਨੀਆ ਬਣਾ ਕੇ ਗਲਤੀ ਸੀ ਕੀਤੀ
ਹੁਣ ਅਮੀਰੀ ਗਰੀਬੀ ਦੇ ਪਾੜੇ ਪਾਏ ਤੂੰ ਕਿਉਂ ਨੇ?
ਅਮੀਰਾਂ ਨੂੰ ਦਿੱਤੀਆਂ ਕੋਠੀਆਂ ਕਾਰਾਂ
ਲੁਟਣ ਸਭ ਓਹ ਮੌਜ ਬਹਾਰਾਂ
ਗਰੀਬਾਂ ਨੂੰ ਦਿੱਤੇ ਝੂਠੇ ਸੁਪਨੇ
ਹੁਣ ਸੁਪਨੇ ਵੀ ਉਨ੍ਹਾਂ ਦੇ ਟੁੱਟਦੇ ਕਿਉਂ ਨੇ?

ਤਾਰੇ ਚੰਨ ਤੇ ਸੂਰਜ ਬਣ ਕੇ
ਅਮੀਰ ਧਰਤੀ ਤੇ ਰਾਜ ਕਮਾਵਣ
ਹਮਸਾਏ ਗਰੀਬਾਂ ਦੇ ਬਣ ਕੇ
ਨਿੱਤ ਉਨ੍ਹਾਂ ਦਾ ਚਮ ਹੰਢਾਵਣ
ਹੱਕ ਉਨ੍ਹਾਂ ਦਾ ਮਾਰ ਕੇ ਸਾਰਾ
ਹੁਣ ਬੋਟੀਆਂ ਵੀ ਉਨ੍ਹਾਂ ਦੀਆਂ ਟੁੰਬਦੇ ਕਿਉਂ ਨੇ?

ਚੂੰਡ ਚੂੰਡ ਮਾਸ ਗਰੀਬ ਦੀ ਖਾਹਿਸ਼ਾਂ ਦਾ
ਗੋਗੜਾਂ ਪਾਟਣ ਹਾਕੀਆਂ ਹੋਈਆਂ
ਸੁੱਕੇ ਟੁੱਕਰ ਸਨ ਜੋ ਹੱਕ ਗਰੀਬਾਂ ਦਾ
ਹੁਣ ਹੱਕ ਉਨ੍ਹਾਂ ਦਾ ਲੁੱਟਦੇ ਕਿਉਂ ਨੇ?

ਜੀਅ ਕਰਦੈ ਕੋਈ ਐਸਾ ਅੱਤਵਾਦ ਫੈਲੇ
ਲਾ ਨੋਟਾਂ ਨੂੰ ਅੱਗ ਮਨੁੱਖਤਾ ਦੇ ਮਨ ਜੋ ਮੇਲੇ
ਜੀਅ ਕਰਦੈ ਐਸਾ ਬਿਰਖ ਕੋਈ ਉੱਗੇ
ਏਕੇ ਤੇ ਭਾਈਚਾਰੇ ਦਾ ਫੁੱਲ ਜਿਸ 'ਤੇ ਲੱਗੇ
ਕਤਲ ਹੁੰਦੇ ਨੇ ਜਿਸ ਨੀਲੇ ਨੋਟਾਂ ਖਾਤਰ
ਰੱਬ ਕਰੇ! ਉਸ ਕਾਲੀ ਕੁਲਿਹਣੀ ਦੌਲਤ ਨੂੰ ਅੱਗ ਲੱਗੇ।

ਨਾਲ ਨਾ ਜਾਣੀਆਂ ਕੋਠੀਆਂ ਕਾਰਾਂ
ਨਾ ਹੀ ਜਾਣੀਆਂ ਮੌਜ ਬਹਾਰਾਂ
ਨੰਗਾ ਆਇਐਂ ਨੰਗਾ ਹੀ ਜਾਣੈ
ਫਿਰ ਕਫਨ ਨੋਟਾਂ ਦਾ ਉਣਦੇ ਕਿਉਂ ਨੇ ?

ਰੱਬਾ ਫਜ਼ਲ ਹੋ ਜਾਏ ਜੇ ਤੇਰਾ
ਮਾਨਵ ਸਮਝ ਜਾਏ ਝੂਠਾ ਵਰਤਾਰਾ
ਫਿਰ ਨਾ ਟੁੱਟੇਗਾ ਕੋਈ ਅਸਮਾਨੀ ਤਾਰਾ
ਨਾ ਟੁੱਟੇਗਾ ਗਰੀਬ ਕਿਸੇ ਦਾ ਦਿਲ ਨਿਮਾਣਾ।

## ਕੀੜਿਆਂ ਦੇ ਭੌਣ ਤੋਂ

ਸਿਖ ਮਨਾ ਤੂੰ ਜਾਂਚ ਜੀਉਣ ਦੀ
ਕੀੜਿਆਂ ਦੇ ਭੌਣ ਤੋਂ
ਵੇਖ ਜੀਣੇ ਦਾ ਢੰਗ ਇਨ੍ਹਾਂ ਦਾ
ਸ਼ਾਇਦ! ਕੁੱਝ ਆ ਜਾਵੇ ਲਾਜ
ਤੈਨੂੰ ਮਨੁੱਖ ਹੋਣ ਤੋਂ।

ਧਰਤ ਨੂੰ ਕੁਰੇਦ ਕੇ
ਮਿੱਟੀ ਨੂੰ ਫਰੋਲ ਕੇ
ਨਿੱਕੇ-ਨਿੱਕੇ ਜੀਆਂ
ਹੱਡ ਤੋੜ ਮਿਹਨਤ ਕਰ
ਖੁੱਡਾਂ ਦੇ ਵਿੱਚ ਇਨ੍ਹਾਂ
ਘੂਰਾ ਲਿਆ ਬਣਾ
ਤੇਰ ਮੇਰ ਦੀ ਗਫਲਤ ਛੱਡ
ਬੇਸ਼ੁਮਾਰ ਨਿਮਾਣਿਆਂ
ਡੇਰਾ ਲਿਆ ਜਮਾ।

ਫਿਰ ਢਿੱਡ ਭਰਨੇ ਦੀ ਖਾਤਰ
ਬੰਨ੍ਹ ਕਤਾਰਾਂ ਭੱਜੀ ਜਾਵਣ
ਦੂਰ-ਦੁਰਾਡਿਉਂ
ਲੱਭ ਭੰਡਾਰੇ
ਇੱਕ ਇੱਕ ਦਾਣਾ
ਮੂੰਹ ਦੇ ਵਿੱਚ ਚੁੱਕੀ ਆਵਣ

ਆਉਂਦੇ ਜਾਂਦੇ ਰੁਕਦੇ ਵੀ ਨੇ
ਹਾਲ ਦਿਲਾਂ ਦਾ ਪੁੱਛਦੇ ਵੀ ਨੇ

ਪਰ ਦੂਜੇ ਦੇ ਮੂੰਹ 'ਚ ਭਰਿਆ ਦਾਣਾ
ਗੁਰੇਜ ਕਰਦੇ ਨੇ ਖੋਹਣ ਤੋਂ।
ਸਿਖ ਮਨਾ ਤੂੰ ਜਾਂਚ ਜੀਉਣ ਦੀ
ਕੀੜਿਆਂ ਦੇ ਭੌਣ ਤੋਂ।

ਭੌਂਣ ਤੋਂ ਭੰਡਾਰੇ
ਤੇ ਭੰਡਾਰੇ ਤੋਂ ਭੌਂਣ ਤੱਕ
ਲੰਬੇ ਇਸ ਪੈਂਡੇ ਵਿੱਚ
ਔਕੜਾਂ ਵੀ ਆਉਂਦੀਆਂ
ਪਾਣੀ ਦੀਆਂ ਬੂੰਦਾਂ
ਬਣ ਸਾਗਰ ਡਰਾਉਂਦੀਆਂ

ਪਰ, ਥੋੜ੍ਹਾ ਜਿਹਾ ਰੁਕ ਕੇ
ਇੱਕ-ਦੂਜੇ ਨੂੰ ਪੁੱਛ ਕੇ
ਪਾਸਾ ਨਹੀਉਂ ਵੱਟਦੇ
ਰਾਹ ਨਵਾਂ ਲਾਉਣ ਤੋਂ
ਸਿਖ ਮਨਾ ਤੂੰ ਜਾਂਚ ਜੀਉਣ ਦੀ
ਕੀੜਿਆਂ ਦੇ ਭੌਂਣ ਤੋਂ।

ਸੋਚ, ਤੂੰ ਬਣ ਮਨੁੱਖ
ਕੀ ਕਮਾਇਆ ?
ਦੂਜੇ ਦੇ ਮੂੰਹੋਂ ਖੋਹ ਕੇ
ਆਪਣਾ ਢਿੱਡ ਭਰਨ 'ਚ
ਜੀਵਨ ਦਾ ਸਮਾਂ ਵੱਡਮੁੱਲਾ
ਝੂਠ ਫਰੇਬਾਂ 'ਚ ਹੀ ਗੁਆਇਆ।

ਹਾਲੇ ਵੀ ਸੰਭਾਲ
ਬਚੇ ਸਾਹਾਂ ਨੂੰ
ਸਬਕ ਸਿੱਖ
ਨਿੱਕੀਆਂ ਜਿੰਦਾਂ ਤੋਂ
ਬਦਲ ਸੋਚ
ਤੇ ਵੱਟ ਪਾਸਾ
ਦੂਜੇ ਦੇ ਸੁਪਨਿਆਂ ਦੇ
ਮਹੱਲ ਢਾਹੁਣ ਤੋਂ
ਸਿੱਖ ਮਨਾ ਤੂੰ ਜਾਂਚ ਜੀਉਣ ਦੀ
ਕੀੜਿਆਂ ਦੇ ਭੌਂਣ ਤੋਂ।
ਵੇਖ ਜੀਣੇ ਦਾ ਢੰਗ ਇਨ੍ਹਾਂ ਦਾ
ਸ਼ਾਇਦ! ਕੁੱਝ ਆ ਜਾਵੇ ਲਾਜ
ਤੈਨੂੰ ਮਨੁੱਖ ਹੋਣ ਤੋਂ।

## ਬਾਤ ਪੰਜਾਬ ਦੀ

ਸੁਣੋ-ਸੁਣੋ ਇਕ ਬਾਤ ਸੁਣਾਵਾਂ
ਬਾਤ ਸੁਣਾਵਾਂ ਪੰਜਾਬ ਦੀ।
ਇਹ ਧਰਤੀ ਹੈ ਗੁਰੂਆਂ ਦੀ
ਇਹ ਧਰਤੀ ਹੈ ਪੀਰਾਂ ਦੀ।
ਸੁਣੋ-ਸੁਣੋ ....

ਧਰਤੀ ਸੀ ਇਹ ਪੰਜ ਦਰਿਆਵਾਂ ਦੀ
ਪਿਆਰ ਦਾ ਪਾਣੀ ਵਗਦਾ ਸੀ।
ਤਰਦੀ ਸੀ ਵਿਚ ਨੈੰਅ ਪਿਆਰ ਦੀ
ਯਾਰੀ ਸੀ ਰਾਂਝੇ ਹੀਰਾਂ ਦੀ।
ਸੁਣੋ-ਸੁਣੋ ....

ਨਿਤ ਦਿਹਾੜੇ ਸੀ ਮੇਲੇ ਲੱਗਦੇ
ਖੇਤਾਂ ਵਿੱਚ ਜੋਬਨ ਪਲਦਾ ਸੀ।
ਆਏ ਵੈਰੀ ਤਕਦੀਰਾਂ ਲੁੱਟੀਆਂ
ਬਣ ਗਈ ਏ ਸ਼ਮਸ਼ੀਰਾਂ ਦੀ।
ਸੁਣੋ-ਸੁਣੋ ....

ਇੱਜ਼ਤਾਂ ਲੁੱਟੀਆਂ ਵਿੱਚ ਬਜ਼ਾਰਾਂ
ਲੋਥਾਂ ਬਣ ਗਈਆਂ ਭੈਣਾਂ ਵੀ।
ਦੁਹੱਥੜੇ ਮਾਰਦੀਆਂ ਮਾਵਾਂ ਨੇ
ਧਰਤੀ ਬਣ ਗਈ ਲੀਰਾਂ ਦੀ।
ਸੁਣੋ-ਸੁਣੋ ....

ਕਰੋ ਦੁਆਵਾਂ ਤੇ ਮੰਨਤਾਂ ਮੰਨੋ
ਬੰਦ ਹੋ ਜਾਵਣ ਝੱਖੜ ਝੇੜੇ।

ਮੇਲੇ ਲੱਗਣ, ਹੋਵੇ ਪੱਤ ਦੀ ਰਾਖੀ
ਬਣ ਜਾਵੇ ਫਿਰ 'ਵੀਰਾਂ' ਦੀ।
ਸੁਣੋ-ਸੁਣੋ ਇੱਕ ਬਾਤ ਸੁਣਾਵਾਂ॥
ਬਾਤ ਸੁਣਾਵਾਂ ਪੰਜਾਬ ਦੀ।
ਇਹ ਧਰਤੀ ਹੈ ਗੁਰੂਆਂ ਦੀ
ਇਹ ਧਰਤੀ ਹੈ ਪੀਰਾਂ ਦੀ॥

# ਸਿੱਕ ਰਹੀ ਨਾ ਕੋਈ

ਏ ਦਿਲਬਰ ਏ ਮਹਿਰਮ ਯਾਰ ਮੇਰੇ
ਸਿੱਕ ਰਹੀ ਨਾ ਕੋਈ ਮੇਲ ਤੋਂ ਬਾਦ ਤੇਰੇ।
ਜਾਤ-ਪਾਤ ਤੇ ਵੰਡ ਵੰਡਾਰਾ
ਕੀ ਖਲਕਤ ਨੇ ਖੇਡ ਰਚਾਈ ਏ
ਉਦਕ ਸੁੱਕ ਗਿਆ ਪੰਜ ਆਬਾਂ ਦਾ
ਕਿਉਂ ਹਾਉਮੈ ਮਨੁੱਖ ਦੀ ਨਾ ਮੁੱਕੀ ਏ ?

ਕਿਤੇ ਮੰਦਰ ਦਾ, ਕਿਤੇ ਮਸਜਿਦ ਦਾ
ਕਿਤੇ ਗਿਰਜੇ ਤੇ ਗੁਰਦੁਆਰੇ ਦਾ
ਇਹ ਦੰਗਾ ਰੋਜ਼ ਮਚਾਉਂਦੇ ਨੇ
ਵਰਣਾਂ ਦੀਆਂ ਵੰਡੀਆਂ ਵਿੱਚ ਬੱਝ ਕੇ
ਭੇਦ ਨਾ ਜਾਨਣ,
ਜੋਕਾਂ ਦੀ ਚੋਗ ਖਿੰਡਾਈ ਦਾ।

ਹਿਰਖ ਪਵਸ ਦਾ ਖਹਿੜਾ ਛੱਡ
ਮਾਨਵ ਜੇ ਸਮਝੇ ਇਹ ਭੇਦ
ਇੱਕ ਖਲਕ ਹੈ ਸਾਰੀ ਖਲਕਤ ਦਾ
ਲੰਘ ਜਾਏਗੀ ਕਾਲੀ ਤੇ ਕੁਲਹਿਣੀ ਰਾਤ।

ਰਚਣਹਾਰਿਆ ! ਮੈਂ ਬੌਰੀ ਹੋਈ
ਵੇਖ ਖਲਕਤ ਦੇ ਝੂਠੇ ਰੰਗ ਤਮਾਸ਼ੇ
ਅੱਖ ਮੇਰੀ ਫੁੱਟ-ਫੁੱਟ ਕੇ ਰੋਈ
ਕੀਤੇ ਲੱਖ ਮੈਂ ਹੀਲੇ ਚਾਰੇ
ਪਰ ਤੇਰਾ ਭੇਦ ਨਾ ਪਾਇਆ ਕੋਈ।

ਪੁਤਲਾ ਹਾਂ ਮੈਂ ਕਾਲਖ ਰੰਗਿਆ
ਰੰਗਤ ਜਿਸਦੇ ਤੂੰ ਪੱਲੇ ਨਾ ਪਾਈ
ਏ ਦਿਲਬਰ, ਏ ਮਹਿਰਮ ਯਾਰ ਮੇਰੇ
ਵਿਸਾਰ ਕਾਲਖ, ਮਨ ਮੇਰੇ ਤੋਂ
ਸੱਚੇ ਨੂਰ ਦੀ ਰੰਗਤ ਭਰ ਦੇ ਕੋਈ
ਲੜ ਲੱਗੀ ਮੈਂ ਜਦ ਦੀ ਤੇਰੇ
ਮੈਨੂੰ ਸੁੱਧ ਬੁੱਧ ਰਹੀ ਨਾ ਕੋਈ।

ਛੱਡੀਆਂ ਝੂਠੀਆਂ ਰਹੁ-ਰੀਤਾਂ ਜੱਗ ਦੀਆਂ
ਮੈਂ ਵੇਖੇ ਨੂਰ ਤੇਰੇ ਦੇ ਅਜਬ ਨਜ਼ਾਰੇ
ਏ ਦਿਲਬਰ ਏ ਮਹਿਮਰ ਯਾਰ ਮੇਰੇ
ਸਿੱਕ ਰਹੀ ਨਾ ਕੋਈ ਮੇਲ ਤੋਂ ਬਾਦ ਤੇਰੇ।

## ਲਗਨ

ਵਿਸ਼ਵਾਸ, ਪਿਆਰ, ਮੁਹੱਬਤ
ਕਿਸੇ ਤੋਂ ਖੋਹੀ ਨਹੀਂ ਜਾ ਸਕਦੀ।
ਸਾਗਰ ਦੀਆਂ ਲਹਿਰਾਂ ਦੇ ਵਾਂਗ
ਪਿਆਰ ਤਾਂ ਇੱਕ ਵਹਾਅ ਹੈ
ਜਿੱਧਰ ਇਸਦੀ ਲਗਨ ਹੈ ਲੱਗਦੀ
ਉੱਧਰ ਹੀ ਵਹਿੰਦਾ ਜਾਂਦਾ
ਕਿਸੇ ਦੀ ਮਰਜ਼ੀ ਨਾਲ
ਧਾਰਾ ਸਾਗਰ ਦੀ ਮੋੜੀ ਨਹੀਂ ਜਾ ਸਕਦੀ।
ਵਿਸ਼ਵਾਸ, ਪਿਆਰ, ਮੁਹੱਬਤ
ਕਿਸੇ ਤੋਂ ਖੋਹੀ ਨਹੀਂ ਜਾ ਸਕਦੀ।

ਪਿਆਰ ਤਾਂ ਹੈ ਹਵਾ ਦਾ ਇੱਕ ਝੌਂਕਾ
ਜੋ ਮਹਿਕ ਆਪਣੀ ਖਿੰਡਾ ਜਾਂਦਾ
ਜੀਵਨ ਸਫਲ ਬਣਦਾ ਉਸੇ ਦਾ
ਜੋ ਭੇਦ ਇਸ ਝੌਂਕੇ ਦਾ ਪਾ ਜਾਂਦਾ।
ਭਰੀ ਦੁਨੀਆਂ ਉਸ ਨੂੰ ਚਾਹੇ ਨਾ ਚਾਹੇ
ਪਰ ਓਹ ਮੰਜ਼ਿਲ ਆਪਣੀ ਪਾ ਜਾਂਦਾ।

ਕਿਉਂਕਿ
ਬਣੀ ਨਾ ਐਸੀ ਕੋਈ ਸ਼ਕਤੀ
ਜੋ ਹਸਤੀ ਹਵਾ ਦੀ ਮਿਟਾ ਸਕਦੀ
ਮੁਹੱਬਤ ਹੁੰਦੀ ਹੈ ਕਬੂਲ ਇਕ ਦਿਨ
ਰੰਗਤ ਇਸਦੀ ਮੇਟੀ ਨਹੀਂ ਜਾ ਸਕਦੀ
ਵਿਸ਼ਵਾਸ, ਪਿਆਰ, ਮੁਹੱਬਤ
ਕਿਸੇ ਤੋਂ ਖੋਹੀ ਨਹੀਂ ਜਾ ਸਕਦੀ।

ਹਾਂ, ਉੱਠ ਖੜ੍ਹਦੇ ਹਨ ਤੁਫਾਨ ਕਦੀ
ਸ਼ੱਕ ਦੇ ਭਿਆਨਕ ਬੱਦਲਾਂ ’ਚੋਂ
ਪਰ ਆਸ਼ਕ ਖੁਸ਼ ਨਹੀਂ ਹੁੰਦੇ ਕਦੀ
ਮਾਸ਼ੂਕ ਦੇ ਦਿਲ ਦੇ ਕਤਲਾਂ ’ਤੋਂ
ਤੇਰਾ ਦਿਲ ਵੀ ਕਿਸੇ ਨੇ ਤੋੜਿਆ ਹੈ
ਤਾਂ ਸ਼ਾਇਦ!
ਉਹ ਵੀ ਮਜ਼ਬੂਰ ਹੋਵੇ ਕਿਸੇ ਦੇ ਜ਼ਖ਼ਮਾਂ ਤੋਂ
ਪਲ ਦੋ ਪਲ ਦੇ ਕਾਲੇ ਬੱਦਲਾਂ ਚੋਂ
ਬਸਤੀ ਪਿਆਰ ਦੀ ਖੰਡਰ ਨਹੀਂ ਹੋ ਸਕਦੀ।
ਵਿਸ਼ਵਾਸ, ਪਿਆਰ, ਮੁਹੱਬਤ
ਕਿਸੇ ਤੋਂ ਖੋਹੀ ਨਹੀਂ ਜਾ ਸਕਦੀ।

ਪਿਆਰ ਤਾਂ ਉਹ ਝਰਨਾ ਹੈ
ਜੋ ਕਿਸੇ ਪਰਬਤ ਦੀ ਵੱਖੀ ’ਚੋਂ
ਆਪ-ਮੁਹਾਰੇ ਫੁੱਟ ਪੈਂਦਾ
ਪਿਆਰ ਤਾਂ ਉਹ ਅੱਥਰੂ ਹੈ
ਜੋ ਕਿਸੇ ਸ਼ਰਬਤੀ ਨੈਣਾਂ ’ਚੋਂ
ਆਪ ਮੁਹਾਰੇ ਡਲ੍ਹਕ ਪੈਂਦਾ
ਪਿਆਰ ਤਾਂ ਉਹ ਨਗਮਾ ਹੈ
ਜੋ ਕਿਸੇ ਸੁਰਖ ਹੋਠਾਂ ’ਚੋਂ
ਆਪ ਮੁਹਾਰੇ ਥਿਰਕ ਉੱਠਦਾ
ਪਿਆਰ ਤਾਂ ਉਹ ਜੋਤੀ ਹੈ
ਜੋ ਕਿਸੇ ਈਸ਼ਟ ਦੀ ਮੂਰਤ ’ਚੋਂ
ਦੀਦ ਆਪ ਮੁਹਾਰੇ ਦੇ ਜਾਂਦਾ।
ਪਿਆਰ ਤਾਂ ਉਹ ਹਸਤੀ ਹੈ
ਜੋ ਕਦੇ ਵੀ ਮੇਟੀ ਨਹੀਂ ਜਾ ਸਕਦੀ।
ਵਿਸ਼ਵਾਸ, ਪਿਆਰ, ਮੁਹੱਬਤ
ਕਿਸੇ ਤੋਂ ਖੋਹੀ ਨਹੀਂ ਜਾ ਸਕਦੀ।

## ਦਸਤਕ

ਅੱਜ ਪਹਿਲੀ ਵਾਰ
ਦਿਲ ਦੀ ਦਹਿਲੀਜ਼ ’ਤੇ
ਦਿੱਤੀ ਦਸਤਕ ਉਨ੍ਹਾਂ ਨੇ।
ਖਿੜ ਗਈ ਦਿਲ ਦੀ ਕੋਮਲ ਕਲੀ
ਮੌਸਮ ਬਹਾਰ ਦਾ ਛਾ ਗਿਆ
ਛੁਈ ਨਾਜ਼ੁਕ ਅਹਿਸਾਸ ਦੀ
ਪੱਤੀ ਜਦ ਉਨ੍ਹਾਂ ਨੇ।

ਸੂਲਾਂ ਵੀ ਸਹਿਨ ਕਰਨ ਨੂੰ
ਤਿਆਰ ਹੈ ਦਿਲ ਦੀ ਹਸਰਤ
ਕਿਉਂ ਜੋ
ਹਥੇਲੀ ਪੀੜ ਸਹਿਨ ਲਈ
ਦਿੱਤੀ ਹੈ ਵਧਾ ਉਨ੍ਹਾਂ ਨੇ।

ਡਰ ਖਾਂਦਾ ਏ, ਏਸ ਖਲਕਤ ਦਾ
ਕਿਉਂ ਜੋ
ਖਾ ਗਏ ‘ਕੈਦੋਂ’ ਤੇ ‘ਹੋਤ’ ਜ਼ਾਲਮ
ਮਿਲਣ ਨਾ ਦਿੰਦੇ ਇਸ ਜਹਾਨ ’ਚ
ਲਾਏ ਨਿਹੁੰ ਜਿਨ੍ਹਾਂ ਨੇ।

ਕਰ ਲੈਣ ਜੋ ‘ਹੋਤਾਂ’ ਨੇ ਕਰਨਾ
ਜੋ ਕਰਨਾ ਏ ‘ਕੈਦੋਂ’ ਕਰ ਲਏ
ਨਾ ਡਰ ਤਪਦੇ ਥਲਾਂ ਦਾ
ਨਾ ਤੀਰ ਤਰਕਸ਼ਾਂ ਦਾ ਪੋਹੰਦਾ ਏ।

ਕਿਉਂ ਜੋ
ਚੱਲਣ ਲਈ ਹਰ ਡਗਰ ’ਤੇ
ਫੜ ਲਿਆ ਹੈ ਪੱਲਾ ਉਨ੍ਹਾਂ ਨੇ
ਅੱਜ ਪਹਿਲੀ ਵਾਰ
ਦਿਲ ਦੀ ਦਹਿਲੀਜ਼ ’ਤੇ
ਦਿੱਤੀ ਦਸਤਕ ਉਨ੍ਹਾਂ ਨੇ।

## ਦਿਲ ਦਾ ਦਰਦ

ਦਿਲ ਦਾ ਦਰਦ ਦੁੱਖ ਦਿੰਦਾ
ਜਾਣੇ ਕੁੱਲ ਜਹਾਨ ਇਹ।
ਪਰ ਨਿੱਤ ਨਵਾਂ ਇਕ ਦਰਦ ਸਹਿਨ ਨੂੰ
ਰਹਿੰਦਾ ਸਦਾ ਤਿਆਰ ਇਹ।
ਇਸ ਦਰਦ ਦੇ ਰੰਗ ਵਿੱਚ ਰੰਗ
ਜੋਗੀ ਬਣ ਕੋਈ ਕੰਨ ਪੜਵਾਏ
ਇਸ ਦਰਦ ਦੀ ਖਾਤਰ ਹੀ
ਮਜਨੂੰ ਬਣ ਕੋਈ ਪੱਥਰ ਖਾਏ
ਇਸ ਦਰਦ 'ਚ ਸ਼ੁਦਾਈ ਹੋ
ਤਪਦੇ ਥਲਾਂ 'ਚ ਕੋਈ ਕਬਰ ਬਣਾਏ।
ਸਿਤਮ ਜ਼ਮਾਨੇ ਭਰ ਦੇ ਸਹਿੰਦਾ
ਹਿੱਕਾਂ ਦੇ ਵਿੱਚ ਤੀਰ ਵੀ ਖਾਂਦਾ
ਫਿਰ ਵੀ ਮਾਸ ਜਿਗਰ ਦਾ ਖਾਣ ਨੂੰ
ਰਹਿੰਦਾ ਸਦਾ ਤਿਆਰ ਇਹ।
ਦਿਲ ਦਾ ਦਰਦ......

ਦਰਦ ਦੇ ਕੇ ਦਰਦ ਲੈਣਾ
ਇਸ ਦਰਦ ਦਾ ਰਿਵਾਜ ਹੈ
ਦਰਦ ਵਿਛੋੜੇ ਦੇ ਹਰਫ ਪੜ੍ਹਨਾ
ਇਸ ਦਰਦ ਦੀ ਨਮਾਜ਼ ਹੈ।
ਵਿਛੜ ਕੇ ਮਿਲਣਾ
ਮਿਲ ਕੇ ਵਿਛੜਨਾ
ਇਸ ਦਰਦ ਦੀ ਜਾਤ ਹੈ।
ਤਪਦੇ ਥਲ ਛਲਕਦੇ ਝਨਾਅ
ਇਸ ਦਰਦ ਦਾ ਨਸੀਬ ਹੈ
ਫਿਰ ਵੀ ਫੱਟਾਂ ਤੇ ਲੂਣ ਪੁਆਉਣ ਨੂੰ
ਰਹਿੰਦਾ ਸਦਾ ਤਿਆਰ ਇਹ।
ਦਿਲ ਦਾ ਦਰਦ ਦੁੱਖ ਦਿੰਦਾ
ਜਾਣੇ ਕੁੱਲ ਜਹਾਨ ਇਹ।

## ਟੁੱਟ ਨਾ ਜਾਵੇ ਭਰਮ ਮੇਰਾ

ਦੱਸ ਏ ਮਨ ਮੇਰੇ
ਤੈਨੂੰ ਕਿਸ ਦੀ ਉਡੀਕ ਹੈ ?
ਜਾਣਦਾ ਏਂ ਤੂੰ
ਉਹ ਆਉਣ ਵਾਲਾ ਨਹੀਂ
ਤੈਨੂੰ ਜਿਸਦੀ ਉਡੀਕ ਹੈ।
ਹਰ ਪਲ ਕੋਈ
ਨਿੱਕਾ ਨਿੱਕਾ
ਹਾਂ, ਤਿੱਖਾ ਤਿੱਖਾ
ਦਰਦ ਜਿਹਾ ਉੱਠਦਾ
ਲੱਗੇ ਹਰ ਪੀੜ ਨਾਲ
ਸਾਹ ਪਿਆ ਟੁੱਟਦਾ
ਪਰ ਫਿਰ ਵੀ
ਹਰ ਚੀਸ ਵਿੱਚੋਂ
ਮਿਲਦਾ ਕੋਈ
ਨਵਾਂ ਅਹਿਸਾਸ ਹੈ।
ਦੱਸ ਏ ਮਨ ਮੇਰੇ
ਤੈਨੂੰ ਕਿਸ ਦੀ ਉਡੀਕ ਹੈ ?

ਜਾਣਦਾ ਏਂ ਤੂੰ
ਉਹ ਪਲ ਕਦੀ ਆਉਣਾ ਨਹੀਂ
ਜਿਸ ਪਲ ਦੇ ਮਿਲਣ ਲਈ
ਹਰ ਪਲ ਤੂੰ ਧੜਕਦਾ
ਖਿਸਕਦਾ ਤੇ ਬੇਚੈਨ ਹੋ ਜਾਂਦਾ ਏਂ
ਕੋਈ ਰਾਹੀ ਜਦ ਅੱਡੀ ਝਾੜੇ
ਫਿਰ ਕਿਉਂ
ਤੂੰ, ਨੱਠ ਗਲੀਆਂ ਨੂੰ ਜਾਂਦਾ ਏਂ।

ਓਹਦੇ ਜੁੱਸੇ ਦੀ ਮਿਟੀ ਨੂੰ
ਜਦ ਕਦੀ ਤੱਕਿਆ ਨਹੀਂ
ਫਿਰ ਓਹਦੇ ਪ੍ਰਛਾਵਿਆਂ ਨੂੰ
ਟੋਲਦਾ ਕਿਉਂ ਫਿਰਦਾ ਏਂ ?
ਪਰ ਤੱਕ ਪ੍ਰਛਾਵੇਂ ਓਹਦੇ ਨੂੰ
ਹੋਂਦ ਓਹਦੀ ਦਾ
ਚਾਨਣ ਨਜ਼ਰੀਂ ਪੈਂਦਾ ਹੈ
ਦੱਸ ਏ ਮਨ ਮੇਰੇ
ਤੈਨੂੰ ਕਿਸ ਦੀ ਉਡੀਕ ਹੈ ?

ਜਾਣਦਾ ਏਂ ਤੂੰ
ਉਹ ਦਿਹਾੜਾ ਵੀ
ਕਦੀ ਆਉਣਾ ਨਹੀਂ
ਵਸਲ ਤੇਰੇ ਦਾ
ਮਾਹੀ ਮੇਰੇ
ਪਲੰਘ ਰੱਤੜਾ ਵੀ
ਕਦੀ ਡਹਿਣਾ ਨਹੀਂ।
ਤਾਂ ਵੀ ਕਿਉਂ
ਤੈਨੂੰ ਮਿਲਣ ਦੀ
ਆਸ ਮਨ 'ਚੋਂ ਜਾਂਦੀ ਨਹੀਂ ?

ਜਦ ਕਦੀ ਤੈਨੂੰ ਮਿਲ ਕੇ
ਇਜਹਾਰ-ਏ-ਦਿਲ ਕੀਤਾ ਨਹੀਂ
ਮਿੱਠੜੇ ਬੋਲ ਦੋ ਬੋਲ ਕੇ
ਕੋਈ ਕੌਲ ਇਕਰਾਰ ਕੀਤਾ ਨਹੀਂ
ਫਿਰ ਵੀ ਕਿਉਂ ?
ਤੂੰ ਆਏਂਗਾ ਇੱਕ ਦਿਨ
ਭਰਮ ਮਨ 'ਚੋਂ ਜਾਂਦਾ ਨਹੀਂ ?

ਪਰ ਟੁੱਟ ਨਾ ਜਾਵੇ
ਇਹ ਭਰਮ ਮੇਰਾ
ਕਿਉਂ ਜੋ
ਤੈਨੂੰ ਮਿਲਣ ਦਾ
ਇੱਕ ਭਰਮ ਹੀ ਤਾਂ
ਮੇਰੇ ਕੋਲ ਹੈ।
ਦੱਸ ਏ ਮਨ ਮੇਰੇ
ਤੈਨੂੰ ਕਿਸ ਦੀ ਉਡੀਕ ਹੈ ?

## ਸੁਨੇਹਾ

ਤਰਸ ਗਿਆ ਏ ਮਨ ਮੇਰਾ
ਤੇ ਬਰਸ ਗਏ ਨੇ ਨੈਣ
ਹੁਣ ਤਾਂ ਮਾਹੀ ਆ ਜਾ
ਮੇਰਾ ਇੱਕ ਸੁਨੇਹਾ ਲੈਣ।
ਜੋਬਨ ਭਰਪੂਰ ਚਾਨਣੀ ਉਹ ਰਾਤ ਸੀ
ਜਦ ਮਿਲ ਕੇ ਦੋਵੇਂ ਬੈਠੇ ਸੀ।
ਰਲਮਿਲ ਕੇ ਦੋਹਾਂ ਨੇ
ਕੁੱਝ ਸੁਪਨੇ ਸੁੱਚੇ ਬੀਜੇ ਸੀ।
ਸਦੀਆਂ ਹੋਈਆਂ ਬੀਤ ਗਈ
ਉਹ ਵਸਲ ਤੇਰੇ ਦੀ ਰੈਨ
ਹੁਣ ਤਾਂ ਮਾਹੀ ਆ ਜਾ
ਮੇਰਾ ਇੱਕ ਸੁਨੇਹਾ ਲੈਣ।

ਹਸਰਤ ਹੀ ਰਹੀ ਤਾਅ ਜ਼ਿੰਦਗੀ
ਖੁਲ੍ਹ ਕੇ ਤੈਨੂੰ ਮਿਲਣ ਦੀ
ਤੇਰਾ ਹਾਲ ਸੁਣਨ ਦੀ
ਆਪਣਾ ਹਾਲ ਕਹਿਣ ਦੀ।
ਜ਼ਿੰਦਗੀ ਦੀਆਂ ਦੁਪਹਿਰਾਂ ਢਲ ਗਈਆਂ
ਹੁਣ ਸ਼ਾਮ ਵੀ ਢਲ ਚੱਲੀ ਏ
ਉਮਰ ਭਰ ਦੀ ਭਟਕਣ ਤੋਂ ਬਾਦ
ਅੱਜ ਵੀ ਇਹ ਜਾਨ ਇੱਕਲੀ ਏ।
ਸ਼ੁਰੂ ਹੋਇਆ ਆਖਰੀ ਸਫ਼ਰ
ਪਰ ਭਟਕਦੀ ਇਸ ਰੂਹ ਨੂੰ
ਮਿਲਿਆ ਨਹੀਂ ਹੈ ਚੈਨ
ਹੁਣ ਤਾਂ ਮਾਹੀ ਆ ਜਾ
ਮੇਰਾ ਇੱਕ ਸੁਨੇਹਾ ਲੈਣ।

# ਨਸੀਬ

ਇਹ ਕਿਵੇਂ ਬਣ ਗਿਆ
ਮੇਰਾ ਨਸੀਬ
ਸੂਲਾਂ ਵੀ ਜੋ ਬਣੀਆਂ
ਮੇਰੀਆਂ ਰਕੀਬ।

ਪਤਝੜ ਵਿੱਚ ਕਿੰਝ ਉਗਿਆ
ਸੁਗੰਧਿਤ ਗੁਲਾਬ
ਮਹਿਰਮ ਕਿੰਝ ਬਣ ਗਈ
ਯਸੂਹ ਦੀ ਸਲੀਬ

ਅੱਗੇ ਜਦ ਕਦੀ ਵੀ ਮਿਲਦੇ ਸੀ
ਹੱਥ ਤਲਵਾਰ ਲਈ ਸੰਗੀਨ ਲਈ
ਹੁਣ ਜਦ ਕਦੀ ਵੀ ਮਿਲਦੇ ਹਾਂ
ਮਨ ਪਿਆਰ ਲਈ
ਯਕੀਨ ਲਈ।

ਵੰਡਿਆਂ ਹੀ ਦਾਤਾਂ ਵੱਧਦੀਆਂ
ਕੁੱਝ ਦੇ ਕੇ ਹੀ ਸੂਲਾਂ ਘੱਟਦੀਆਂ
ਕਿੰਝ ਮਹਿਰਮ ਦੇ ਗਲ ਫੱਬਦੀਆਂ
ਜੇ ਕਲੀਆਂ
ਡਾਲੀ ਨਾਲੋਂ ਨਾ ਟੁੱਟਦੀਆਂ।

## ਸ਼ਬਦ ਮੇਰੇ ਗੁਆਚ ਗਏ

ਕਿਸੇ ਮੱਸਿਆ ਜਿਹੀ ਕਾਲੀ ਰਾਤ ਵਿਚ
ਸ਼ਬਦ ਮੇਰੇ ਗੁਆਚ ਗਏ ਨੇ
ਲੱਭਣ ਦੀ ਲੱਖ ਕੋਸ਼ਿਸ਼ ਕੀਤੀ
ਪਰ ਓਹ ਤਾਂ ਗੂੜ੍ਹੀ ਨੀਂਦ
ਕਿਸੇ ਵਿੱਚ ਸੌਂ ਗਏ ਨੇ।

ਨਾ ਹੁਣ ਉੱਠਦਾ ਏ
ਵਲਵਲਿਆਂ ਦਾ ਤੂਫਾਨ
ਤੇ ਨਾ ਹੀ ਘਟਾ ਗਮ ਦੀ
ਚੜ੍ਹਦੀ ਏ ਅਸਮਾਨ
ਜਿਹੜੇ ਅੱਖਰਾਂ ਦੇ ਵਹਿਨ 'ਚੋਂ
ਫੁੱਟਦੇ ਸਨ ਕਦੀ ਪ੍ਰੇਮ ਤਰਾਨੇ
ਵਕਤ ਦੇ ਇਸ ਦੌਰ ਵਿੱਚ
ਸਾਥ ਮੇਰਾ ਓਹ ਛੱਡ ਗਏ ਨੇ।
ਕਿਸੇ ਮੱਸਿਆ ਜਿਹੀ ਕਾਲੀ ਰਾਤ ਵਿੱਚ
ਸ਼ਬਦ ਮੇਰੇ ਗੁਆਚ ਗਏ ਨੇ।

ਨਾ ਹੁਣ ਫੋਲਣ
ਜ਼ਹਿਰ ਮਾਨਵਤਾ ਦਾ
ਨਾ ਭਰਦੇ ਹੁੰਘਾਰਾ
ਹੱਕ ਸੱਚ ਈਮਾਨ ਦਾ
ਦੇਰ ਨਾ ਲਾਉਂਦੇ ਛਲਕ ਪੈਂਦੇ ਸਨ
ਟੁਟ ਜਾਂਦੇ ਸਨ ਦਰਦ ਵੇਖ ਕਿਸੇ ਦਾ
ਦੁਨੀਆਂ ਦੇ ਗਿਰਗਿਟੀ ਰੰਗ ਵੇਖ ਕੇ
ਨਾ ਕਦੇ ਹੁਣ ਹੱਸਦੇ ਨੇ
ਤੇ ਨਾ ਕਦੇ ਹੁਣ ਰੌਂਦੇ ਨੇ।
ਕਿਸੇ ਮੱਸਿਆ ਜਿਹੀ ਕਾਲੀ ਰਾਤ ਵਿੱਚ
ਸ਼ਬਦ ਮੇਰੇ ਗੁਆਚ ਗਏ ਨੇ।

## ਅਹਿਸਾਸ

ਨਿੱਘਾ ਨਿੱਘਾ, ਮਿੱਠਾ ਮਿੱਠਾ
ਇੱਕ ਅਹਿਸਾਸ ਹੋ ਰਿਹਾ ਏ।
ਲੱਗਦਾ ਏ ਦਿਲ ਦੀ ਧੜਕਣ ਦਾ
ਕੋਈ ਸਾਂਝੀਦਾਰ ਹੋ ਰਿਹਾ ਏ।
ਜਜ਼ਬਾਤਾਂ ਦੇ ਵਹਿਣਾ ਵਿੱਚੋਂ
ਫੁੱਟ ਰਿਹਾ ਏ ਨਗਮਾ ਕੋਈ
ਪਿਆਰ ਦੀਆਂ ਲਹਿਰਾਂ 'ਚ ਵਹਾਅ ਕੇ
ਜਿੰਦ ਮੇਰੀ ਨੂੰ ਕੋਹ ਰਿਹਾ ਏ।
ਨਿੱਘਾ ਨਿੱਘਾ .....

ਇੱਕ ਅਸਮਾਨੋਂ ਤਾਰਾ ਟੁੱਟ ਕੇ
ਝੋਲੀ ਮੇਰੀ ਆ ਪਿਆ ਏ।
ਨਿੰਮੀ ਨਿੰਮੀ ਲੋਅ ਆਪਣੀ ਨਾਲ
ਦਾਮਨ ਮੇਰਾ ਰੁਸ਼ਨਾ ਰਿਹਾ ਏ।
ਨਿੱਘਾ ਨਿੱਘਾ.....

ਦੂਰ ਕਿਸੇ ਵਾਦੀ ਦੇ ਵਿੱਚੋਂ
ਚਮਕ ਰਹੀ ਏ ਕਿਰਨ ਆਸ ਦੀ
ਬਣ ਕੇ ਕੋਈ ਨਗਮਾ ਪਿਆਰ ਦਾ
ਵੀਣਾਂ ਦੀਆਂ ਤਾਰਾਂ ਵਿੱਚੋਂ ਥਿਰਕ ਰਿਹਾ ਏ।
ਨਿੱਘਾ ਨਿੱਘਾ, ਮਿੱਠਾ ਮਿੱਠਾ
ਇੱਕ ਅਹਿਸਾਸ ਹੋ ਰਿਹਾ ਏ।
ਲੱਗਦਾ ਏ ਦਿਲ ਦੀ ਧੜਕਣ ਦਾ
ਕੋਈ ਸਾਂਝੀਦਾਰ ਹੋ ਰਿਹਾ ਏ।

## ਪ੍ਰਛਾਵਾਂ

ਇੱਕ ਪ੍ਰਛਾਵਾਂ ਸਾਇਆ ਬਣ ਕੇ
ਨਾਲ ਮੇਰੇ ਨਿੱਤ ਚੱਲਦਾ ਏ
ਨਿਗਾਹਾਂ ਮੇਰੀਆਂ ਢੂੰਡਦੀਆਂ ਨੇ
ਚਿਹਰਾ ਨਾ ਉਸ ਜਿਹਾ ਦਿੱਸਦਾ ਏ।
ਇਹ ਸਾਇਆ ਹੈ ਸੱਚਾ ਸੁੱਚਾ
ਕੋਹਾਂ ਦੂਰ ਫਰੇਬਾਂ ਤੋਂ।
ਨਹੀਂ ਕਰਦਾ ਇਹ ਧੋਖਾ ਕੋਈ
ਦੂਰ ਨਾ ਹੁੰਦਾ ਮੇਰੇ ਕਦਮਾਂ ਤੋਂ
ਜਿੱਥੇ ਜਾ ਕੇ ਮੈਂ ਰੁਕਾਂ
ਉਥੇ ਹੀ ਜਾ ਕੇ ਰੁੱਕਦਾ ਏ।
ਇੱਕ ਪ੍ਰਛਾਵਾਂ ਸਾਇਆ ਬਣ ਕੇ
ਨਾਲ ਮੇਰੇ ਨਿੱਤ ਚੱਲਦਾ ਏ।

ਆਹਟ ਕੋਈ ਜਦ ਵੀ ਹੋਵੇ
ਤੜਪੇ ਮਨ, ਗਲੀਆਂ ਨੂੰ ਨੱਠੇ
ਨਕਸ਼ ਬਣਾਵਾਂ ਹਰ ਚਿਹਰੇ ਵਿੱਚੋਂ
ਪ੍ਰਛਾਵੇਂ ਨੂੰ ਬੁੱਤ ਬਣਾਵਾਂ।
ਬੁੱਤ ਬਣਾ ਰੂਹ ਫੂਕਣ ਲਈ
ਭਟਕਣ ਲੱਗਾਂ ਮੈਂ ਜਦ ਰਾਹਾਂ ਤੋਂ
ਦੇਰ ਨਾ ਲਾਵੇ ਇੱਕ ਪਲ ਵੀ
ਝਟ ਮੂਹਰੇ ਆ ਖੜ੍ਹਦਾ ਏ।
ਇੱਕ ਪ੍ਰਛਾਵਾਂ ਸਾਇਆ ਬਣ ਕੇ
ਨਾਲ ਮੇਰੇ ਨਿੱਤ ਚੱਲਦਾ ਏ।
ਨਿਗਾਹਾਂ ਮੇਰੀਆਂ ਢੂੰਡਦੀਆਂ ਨੇ
ਚਿਹਰਾ ਨਾ ਉਸ ਜਿਹਾ ਦਿੱਸਦੇ ਏ।

## ਸਹਾਰਾ

ਕੋਈ ਵੀ ਨਾ ਬਣ ਸਕਿਆ
ਇਸ ਦਿਲ ਦਾ ਸਹਾਰਾ
ਮੰਜ਼ਿਲ ਮੰਨ ਕੇ ਚੱਲੇ ਜਿਸਨੂੰ
ਗੁਆਚ ਗਿਆ ਓਹੀ ਕਿਨਾਰਾ।

ਨਾ ਦਿਲ-ਏ-ਨਾਦਾਨ ਨੂੰ ਸਮਝਿਆ ਕੋਈ
ਨਾ ਖੁਦ ਨੂੰ ਸਮਝਾ ਸਕਿਆ
ਕਿੰਨੀ ਔਖੀ ਹੈ ਪਛਾਣ ਕਰਨੀ
ਜਿਸਦਾ ਹੈ ਕਾਲਾ ਦਿਲ ਤੇ ਗੋਰਾ ਚਿਹਰਾ।
ਭੁੱਖੀਆਂ ਤੇ ਪਿਆਸੀਆਂ ਨੇ ਨਿਗਾਹਾਂ
ਦੋਸਤ ਬਣ ਡੱਸਿਆ, ਦਿੱਤਾ ਜ਼ਖ਼ਮ ਗਹਿਰਾ।

ਕੀ ਯਕੀਨ ਦਾ ਨਾਮ ਹੀ ਟੁੱਟਣਾ?
ਤੇ ਬਣ ਕੇ ਖੰਜਰ ਅਰਮਾਨਾਂ ਤੇ ਵੱਜਣਾ।
ਉਮਰਾਂ ਦੇ ਕਾਫਿਲੇ 'ਤੇ
ਹੋਈ ਦਗਿਆਂ ਦੀ ਬੁਛਾੜ।
ਪਲਕ ਝਪਕਦਿਆਂ ਸਵੇਰੇ ਮੁੱਕੇ
ਪਸਰ ਗਿਆ ਚੌਹੀਂ ਪਾਸੇ ਹਨ੍ਹੇਰਾ
ਕੋਈ ਵੀ ਨਾ ਬਣ ਸਕਿਆ
ਇਸ ਦਿਲ ਦਾ ਸਹਾਰਾ
ਮੰਜ਼ਿਲ ਮੰਨ ਕੇ ਚੱਲੇ ਜਿਸਨੂੰ
ਗੁਆਚ ਗਿਆ ਓਹੀ ਕਿਨਾਰਾ।

## ਤਸਵੀਰ

ਇੱਕ ਤਸਵੀਰ ਖਿਆਲਾਂ
ਵਿੱਚ ਰਹਿੰਦੀ ਮੇਰੇ
ਨਾ ਬੋਲਦੀ, ਨਾ ਡੋਲਦੀ
ਰਹੇ ਟੁੰਬਦੀ ਜਜ਼ਬਾਤਾਂ ਨੂੰ ਮੇਰੇ
ਇੱਕ ਤਸਵੀਰ .....

ਉਸ ਤੋਂ ਬਚਣੇ ਦੀ ਖਾਤਰ
ਨੈਣਾਂ ਦੇ ਮੈਂ ਬੂਹੇ ਢੋਵਾਂ
ਪਲ-ਪਲ ਮੈਨੂੰ ਚੇਤੇ ਆਵੇ
ਜੇ ਓਹਨੂੰ ਮੈਂ ਭੁੱਲਣਾ ਚ੍ਹਾਵਾਂ
ਖਿੜ ਖਿੜ ਹੱਸੇ
ਜੇ ਮੈਂ ਹੱਸਾਂ
ਫੁੱਟ-ਫੁੱਟ ਰੋਵੇ
ਜੇ ਮੈਂ ਰੋਵਾਂ
ਕੰਨੀ ਛੁਡਾ ਕੇ ਪਾਸਾ ਮੋੜਾਂ
ਵੱਸ ਵੱਸ ਬਹਿੰਦੀ
ਨੈਣਾਂ ਵਿੱਚ ਮੇਰੇ
ਇੱਕ ਤਸਵੀਰ ਖਿਆਲਾਂ ਵਿੱਚ
ਰਹਿੰਦੀ ਮੇਰੇ।

ਹੱਥ ਲਾ ਲਾ ਹਵਾਵਾਂ 'ਚ
ਅਣਦਿੱਸਦੇ ਨਕਸ਼ ਮੈਂ ਉਸ ਦੇ ਟੋਲਾਂ
ਕੰਨ ਲਾ ਲਾ ਸੁਣਾਂ ਹਵਾਵਾਂ 'ਚ
ਦਿਲ ਲੁੱਟਿਆ ਓਹਦੇ ਜਿਹੜੇ ਬੋਲਾਂ
ਰੰਗ ਭਰਾਂ ਅਣਲਕੀਰੇ ਬੁੱਤ 'ਚ
ਕਿ ਭੇਦ ਦਿਲੇ ਦੇ
ਉਸ ਨਾਲ ਖੋਲਾਂ

ਨਕਸ਼ ਬਣਾਵਾਂ
ਬਣ ਨਾ ਹੋਵਣ
ਪਲ ਪਲ ਓਹ ਮੇਰੀ
ਜਿੰਦ ਨੂੰ ਕੋਹਵਣ
ਜਾਣੇ ਓਹ ਹਾਲ ਦਿਲੇ ਦਾ
ਮੈਂ ਵੀ ਜਾਣਾ ਉਸਦਾ
ਸਾਗਰ ਦੀਆਂ ਲਹਿਰਾਂ ਦੇ ਵਾਂਗਣ
ਓਹ ਵਸ ਗਈ ਏ
ਜਜ਼ਬਾਤਾਂ ਵਿੱਚ ਮੇਰੇ
ਇਕ ਤਸਵੀਰ ਖਿਆਲਾਂ ਵਿੱਚ
ਰਹਿੰਦੀ ਮੇਰੇ।

## ਸ਼ੀਸ਼ਾ ਤਿੜਕ ਗਿਆ

ਅੱਜ ਫਿਰ ਇਕ ਸ਼ੀਸ਼ਾ ਤਿੜਕ ਗਿਆ
ਤੇ ਟੋਟੇ ਟੋਟੇ ਹੋ ਗਿਆ
ਨਾ ਕੋਈ ਦਿਸਿਆ ਚੀਰ ਕਿਸੇ ਨੂੰ
ਤੇ ਨਾ ਕੋਈ ਫੱਟ ਹੀ ਦਿਸਿਆ
ਪੀੜ ਸੀਨੇ 'ਚ ਦੱਬੀ ਰਹਿ ਗਈ
ਕਤਲ ਵਿਸ਼ਵਾਸ ਦਾ ਹੋ ਗਿਆ।
ਅੱਜ ਫਿਰ ਇੱਕ ਸ਼ੀਸ਼ਾ ਤਿੜਕ ਗਿਆ
ਤੇ ਟੋਟੇ ਟੋਟੇ ਹੋ ਗਿਆ।

ਪਤਾ ਨਹੀਂ ਕਿੰਨੇ ਜ਼ੁਲਮ-ਓ-ਸਿਤਮ
ਮਾਸੂਮ ਦਿਲ ਨੇ ਸਹਿ ਲਏ
ਬਨਾਵਟ ਭਰੀ ਦੁਨੀਆਂ ਦੀ ਦਿੱਤੀ ਨੈਮਤ
ਫੱਟ ਹੋਰ ਇੱਕ ਅੰਦਰੋਂ ਅੰਦਰੀਂ ਪੀ ਗਿਆ।
ਅੱਜ ਫਿਰ ਇੱਕ ਸ਼ੀਸ਼ਾ ਤਿੜਕ ਗਿਆ
ਤੇ ਟੋਟੇ ਟੋਟੇ ਹੋ ਗਿਆ।

ਸੋਚ ਮੇਰੀ ਹੈਰਾਨ ਖੜ੍ਹੀ ਏ
ਘਟਾ ਦਿਲ 'ਤੇ ਗਹਿਰੀ ਚੜ੍ਹੀ ਏ
ਕੋਈ ਨਾ ਮਿਲਿਆ ਰਾਹ ਦਸੇਰਾ
ਤੇ ਸਫ਼ਰ ਜ਼ਿੰਦਗੀ ਦਾ ਮੁਕ ਗਿਆ।
ਅੱਜ ਫਿਰ ਇੱਕ ਸ਼ੀਸ਼ਾ ਤਿੜਕ ਗਿਆ
ਤੇ ਟੋਟੇ ਟੋਟੇ ਹੋ ਗਿਆ।

## ਦੌੜ

ਚੱਲ ਜ਼ਿੰਦਗੀ ਤੂੰ ਭਜਾ ਮੈਨੂੰ,
ਲੱਗੀ ਏ ਦੌੜ ਮੇਰੀ ਨਾਲ ਤੇਰੇ।
ਤੂੰ ਮਾਰ ਧੱਕੇ ਮੈਨੂੰ ਸੁੱਟ ਪਿੱਛੇ,
ਮੈਂ ਮਾਰਾਂ ਹੰਭਲਾ ਲੰਘ ਜਾਵਾਂ ਅੱਗੇ॥

ਭਾਵੇਂ ਦੇ ਦਗੇ ਨਾਲੇ ਫੱਟ ਅੱਲੇ,
ਹਾਰ ਮੰਨਣੀ ਨਹੀਓਂ
ਭਾਵੇਂ ਸੁੱਟ ਪੱਥਰ ਮੇਰੇ ਪੈਰਾਂ ਥੱਲੇ।
ਤੂੰ ਮੈਨੂੰ ਧੀਕ ਪਿੱਛੇ,
ਮੈਂ ਤੈਨੂੰ ਲਾਵਾਂ ਝਾਂਬਾ।
ਲੰਘਾਂ ਪਰਬਤ ਨਹੀਓਂ
ਆਕਾਸ਼ੋਂ ਵੀ ਅੱਗੇ।
ਚੱਲ ਜ਼ਿੰਦਗੀ ਤੂੰ ਭਜਾ ਮੈਨੂੰ,
ਲੱਗੀ ਏ ਦੌੜ ਮੇਰੀ ਨਾਲ ਤੇਰੇ॥

ਤੂੰ ਫੱਟ ਲਾਏ ਡੂੰਘੇ,
ਖੋਹ ਕੇ ਸਾਥੀ ਪਿਆਰੇ।
ਸਾਥ ਮੰਗੇ ਤੈਥੋਂ,
ਤੂੰ ਦਿੱਤੇ ਇਕਲਾਪੇ ਭਾਰੇ।
ਹਾਰ ਮੰਨਣੀ ਨਹੀਓਂ
ਤੂੰ ਲਾ ਲੈ ਲੱਖ ਚਾਰੇ।
ਗੋਡੇ ਟੇਕਾਂ ਨਾ ਮੈਂ, ਕਦੀ ਤੇਰੇ ਅੱਗੇ।
ਚੱਲ ਜ਼ਿੰਦਗੀ ਤੂੰ ਭਜਾ ਮੈਨੂੰ,
ਲੱਗੀ ਏ ਦੌੜ ਮੇਰੀ ਨਾਲ ਤੇਰੇ॥

ਹੌਂਸਲੇ ਮੇਰੇ ਅੰਬਰਾਂ ਤੋਂ ਪਰ੍ਹੇ
ਫਰਿਸ਼ਤਾ ਮੌਤ ਦਾ ਵੀ

ਤਕ ਗਸ਼ ਭਰੇ
ਤੇਰੀਆਂ ਠੋਕਰਾਂ ਨੂੰ, ਮਾਰ ਠੋਕਰ
ਮੈਂ ਤਾਣ ਸੀਨਾ, ਜਾਵਾਂ ਜਹਾਨੋਂ ਤੇਰੇ।
ਤੇਰੀਆਂ ਚੁਣੌਤੀਆਂ ਨੂੰ ਕਰਾਰੀ ਹਾਰ ਦੇ ਕੇ,
ਖੜ੍ਹਾਂ ਸ਼ਾਨ ਨਾਲ ਜਾ, ਮੈਂ ਕਾਲ ਅੱਗੇ।
ਚੱਲ ਜ਼ਿੰਦਗੀ ਤੂੰ ਭਜਾ ਮੈਨੂੰ,
ਲੱਗੀ ਏ ਦੌੜ ਮੇਰੀ ਨਾਲ ਤੇਰੇ।
ਤੂੰ ਮਾਰ ਧੱਕੇ ਮੈਨੂੰ ਸੁੱਟ ਪਿੱਛੇ,
ਮੈਂ ਮਾਰਾਂ ਹੰਭਲਾ ਲੰਘ ਜਾਵਾਂ ਅੱਗੇ॥

## ਤੇਰੇ ਸਾਰੇ ਗਮ

ਤੇਰੇ ਸਾਰੇ ਗਮ ਮਿਲ ਜਾਵਣ ਮੈਨੂੰ,
ਮੇਰੇ ਸਾਰੇ ਹਾਸੇ ਮਿਲ ਜਾਵਣ ਤੈਨੂੰ।
ਰੱਬ ਕਰੇ ਤੂੰ ਬਣ ਕੇ ਤਾਰਾ,
ਟਿਮਟਿਮਾਵੇਂ ਵਿੱਚ ਅਸਮਾਨਾਂ।
ਜਾਂ ਫਿਰ ਬਣ ਕੇ ਫੁੱਲ ਗੁਲਾਬ ਦਾ,
ਮਹਿਕਾਂ ਖਿਲਾਰੇਂ ਛਾ ਜਾਣ ਬਹਾਰਾਂ।
ਫੁੱਲ ਬਹਾਰਾਂ ਦੇ ਮਿਲ ਜਾਵਣ ਤੈਨੂੰ,
ਕੰਡਿਆਂ ਦੀਆਂ ਸੂਲਾਂ ਚੁੱਭ ਜਾਵਣ ਮੈਨੂੰ।
ਤੇਰੇ ਸਾਰੇ ਗਮ ਮਿਲ ਜਾਵਣ ਮੈਨੂੰ,
ਮੇਰੇ ਸਾਰੇ ਹਾਸੇ ਮਿਲ ਜਾਵਣ ਤੈਨੂੰ।

ਮਾਣੇਂ ਜਵਾਨੀਆਂ ਪ੍ਰੀਤਾਂ ਹੰਢਾਵੇਂ,
ਕੋਈ ਦੁੱਖ ਨਾ ਆਵਣ ਨੇੜੇ ਤੇਰੇ।
ਹੱਥ ਲਾਵੇਂ ਕਿਸੇ ਪੱਥਰ ਨੂੰ ਵੀ,
ਬਣ ਜਾਵਣ ਉਹ ਪਾਰਸ ਮਣੀਆਂ।
ਘੜੀਆਂ ਵਸਲ ਦੀਆਂ ਮਿਲ ਜਾਵਣ ਤੈਨੂੰ,
ਬਿਰਹਾ ਦੀਆਂ ਪੀੜਾਂ ਵਿੰਨ੍ਹ ਜਾਵਣ ਮੈਨੂੰ।
ਤੇਰੇ ਸਾਰੇ ਗਮ ਮਿਲ ਜਾਵਣ ਮੈਨੂੰ
ਮੇਰੇ ਸਾਰੇ ਹਾਸੇ ਮਿਲ ਜਾਵਣ ਤੈਨੂੰ,

ਦੁੱਖ ਦੀ ਬੱਦਲੀ ਛਾਵੇ ਨਾ ਕੋਈ,
ਸੁੱਖ ਦਾ ਸਾਵਨ ਲਾਵੇ ਝੜੀਆਂ।

ਔਂਕੜ ਨਾ ਕੋਈ ਰਾਹ ਰੋਕੇ ਤੇਰਾ,
ਮੇਰੇ ਸਿਰ ਆਵਣ ਤੇਰੀਆਂ ਬਲਾਵਾਂ,
ਜ਼ਿੰਦਗੀ ਮੇਰੀ ਦੇ ਸਾਹ ਮਿਲ ਜਾਵਣ ਤੈਨੂੰ,
ਬਾਹਾਂ ਮੌਤ ਦੀਆਂ ਲੈ ਜਾਵਣ ਮੈਨੂੰ।
ਤੇਰੇ ਸਾਰੇ ਗਮ ਮਿਲ ਜਾਵਣ ਮੈਨੂੰ,
ਮੇਰੇ ਸਾਰੇ ਹਾਸੇ ਮਿਲ ਜਾਵਣ ਤੈਨੂੰ।

## ਪਹਿਲੀ ਕਿਰਨ

ਨਾ ਫੁੱਟ ਪਹੁ ਦੀਏ ਪਹਿਲੀਏ ਕਿਰਨੇਂ
ਪਾਵਾਂ ਤਰਲੇ ਨੀ ਸੌਣ ਦੇ।
ਸੁਪਨਿਆਂ 'ਚ ਚੰਨ ਕਰੇ ਕਲੋਲਾਂ,
ਮੈਨੂੰ ਚੰਨ ਦੀ ਬੁੱਕਲੇ ਹੀ ਰਹਿਣ ਦੇ।
ਨਾ ਫੁੱਟ ਪਹੁ ਦੀਏ ਪਹਿਲੀਏ ਕਿਰਨੇਂ॥

ਸੁੱਤਾ ਆਲਮ ਰਾਖੀ ਕਰਦੇ ਤਾਰੇ,
ਇਕਮਿਕ ਹੋਏ ਭੁੱਲ ਕੇ ਡਰ ਸਾਰੇ।
ਕੱਢਾਂ ਹਾੜੇ ਤੈਨੂੰ ਅਰਜ ਗੁਜਾਰਾਂ,
ਮੈਨੂੰ ਨਿੱਘ ਵਸਲ ਦਾ ਲੈਣ ਦੇ।
ਨਾ ਫੁੱਟ ਪਹੁ ਦੀਏ ਪਹਿਲੀਏ ਕਿਰਨੇਂ॥

ਜਿਹੜਾ ਚਾਨਣ ਮਿਲਿਆਂ ਨੂੰ ਵਿਛੋੜੇ,
ਬਿਰਹਾ ਦੀ ਭੱਠੀ ਵਿੱਚ ਸਾੜੇ।
ਮਿੰਨਤਾਂ ਕਰਾਂ ਤੈਨੂੰ ਦਵਾਂ ਦੁਆਵਾਂ,
ਚੰਨ-ਚਾਨਣੀ ਹਨ੍ਹੇਰੇ ਦੀ ਬੁੱਕਲੇ ਰਹਿਣ ਦੇ।
ਨਾ ਫੁੱਟ ਪਹੁ ਦੀਏ ਪਹਿਲੀਏ ਕਿਰਨੇਂ।
ਪਾਵਾਂ ਤਰਲੇ ਨੀ ਸੌਣ ਦੇ॥

## ਦਗਾ

ਤੇਰਾ ਦਗਾ, ਦਿਲ ਮੇਰਾ
ਹਾਏ! ਛਾਲੇ ਛਾਲੇ ਕਰ ਗਿਆ।
ਸਾਹਾਂ ਤੋਂ ਨੇੜੇ ਕੋਈ ਸ਼ੈਅ ਨਾ ਹੋਵੇ।
ਸਾਹਾਂ ਵਿੱਚ ਤੈਨੂੰ ਵਸਾ ਲਿਆ,
ਹਰ ਗਮ ਪਾ ਕੇ ਝੋਲੀ ਤੇਰੀ
ਹਰ ਗਮ ਮੈਂ ਤੈਥੋਂ ਲੈ ਲਿਆ।
ਮੋਏ ਜਿਸਮ ਵਿਚ ਰੂਹ ਫੂਕ ਕੇ
ਕਿਉਂ?
ਪਿੰਜਰ ਬਣਾ ਕੇ ਛੱਡ ਗਿਆ।
ਤੇਰਾ ਦਗਾ, ਦਿਲ ਮੇਰਾ
ਹਾਏ! ਛਾਲੇ ਛਾਲੇ ਕਰ ਗਿਆ।

ਦੋਹਾਂ ਤੋਂ ਇੱਕ ਜਾਨ ਸੀ ਹੋਏ
ਪ੍ਰਛਾਵਾਂ ਬੁੱਤ ਆਪਣੇ ਦਾ ਬਣਾ ਲਿਆ
ਨੈਣੋਂ ਡਿਗਿਆ ਹੰਝੂ ਜਰਿਆ ਨਾ ਤੂੰ
ਘੁੱਟ ਘੁੱਟ ਭਰ ਕੇ ਪੀ ਲਿਆ।
ਦਿਲ ਦੀਆਂ ਪੀੜਾਂ ਵੰਡ ਕੇ ਸਾਰੀਆਂ
ਕਿਉਂ?
ਹਾਉਕਾ, ਉਮਰੇ ਭਰ ਦਾ ਦੇ ਗਿਆ
ਤੇਰਾ ਦਗਾ, ਦਿਲ ਮੇਰਾ
ਹਾਏ! ਛਾਲੇ ਛਾਲੇ ਕਰ ਗਿਆ।

ਜਿਗਰ ਅਸਾਡੇ ਦਾ ਰੁੱਗ ਭਰ ਕੇ
ਜਸ਼ਨ ਗੈਰਾਂ, ਸੰਗ ਤੇਰੇ ਮਨਾ ਲਿਆ।
ਫੁੱਲ ਅਸਾਡੇ ਅਰਮਾਨਾਂ ਦੇ ਮਿੱਧ ਕੇ।
ਬਾਗ ਗੈਰਾਂ, ਮਹਿਕ ਤੇਰੀ ਸੰਗ ਖਿੜਾ ਲਿਆ।

ਹਾਰ ਗੈਰਾਂ ਦੇ ਗਲ ਦਾ ਬਣ ਕੇ
ਕਿਉਂ ?
ਖੁਸ਼ਬੋਆਂ ਸਾਥੋਂ ਖੋਹ ਗਿਆ।
ਤੇਰਾ ਦਗਾ, ਦਿਲ ਮੇਰਾ
ਹਾਏ! ਛਾਲੇ ਛਾਲੇ ਕਰ ਗਿਆ।

ਫਟ ਦਗੇ ਦਾ ਜਰ ਨਾ ਹੋਵੇ
ਅਸਾਂ ਹਾਲ ਸ਼ੁਦਾਈਆਂ ਬਣਾ ਲਿਆ।
ਗਿੱਦਾਂ ਬਣ ਮਾਸ ਜਿਗਰ ਦਾ ਚੂੰਡ ਕੇ
ਮਜਾਕ ਗੈਰਾਂ, ਪਾਕ ਮੁਹੱਬਤਾਂ ਦਾ ਬਣਾ ਲਿਆ।
ਇੱਕ ਵੇਰਾਂ ਮੰਗਦਾ, ਲੱਖ ਵੇਰਾਂ ਦਿੰਦੇ।
ਸੌਗਾਤਾਂ ਤੈਨੂੰ ਤੇਰੇ ਜੀਅ ਦੀਆਂ
ਕਿਉਂ ?
ਦਾਗ ਦਗੇ ਦਾ, ਸੁੱਚੇ ਇਸ਼ਕ ਨੂੰ ਲਾ ਲਿਆ।
ਤੇਰਾ ਦਗਾ, ਦਿਲ ਮੇਰਾ
ਹਾਏ! ਛਾਲੇ ਛਾਲੇ ਕਰ ਗਿਆ।

## ਜੀਅ ਕੇ ਮਰੀਏ

ਮਰ ਮਰ ਕੇ ਮਰਨਾ ਕੀ ਮਰਨਾ
ਆ ਕੁੱਝ ਕਰਕੇ ਜੀਅ ਕੇ ਮਰੀਏ
ਦੁਨੀਆ ਵਿਚ ਮਜ਼ਲੂਮ ਬੜੇ ਨੇ
ਭੁੱਖੇ ਨੰਗੇ ਬਾਲ ਬੜੇ ਨੇ
ਛੱਡ ਕੇ ਝੂਠੀਆਂ ਤਜ਼ਵੀਜ਼ਾਂ ਨੂੰ
ਆ ਉਨ੍ਹਾਂ ਦੇ ਮਹਿਰਮ ਬਣੀਏ।
ਮਰ ਮਰ ਕੇ ਮਰਨਾ ਕੀ ਮਰਨਾ
ਆ ਕੁੱਝ ਕਰਕੇ ਜੀਅ ਕੇ ਮਰੀਏ।

ਪੈਸੇ ਦੀ ਦੌੜ ਲੱਗੀ ਜਵਾਨੀ
ਸਾਂਭ ਬਿਰਧਾਂ ਦੀ ਬਣੀ ਪਰੇਸ਼ਾਨੀ
ਬੁੱਢੇ ਹੱਡ ਫੱਟ ਲੱਗੇ ਇਕਲਾਪੇ ਦੇ
ਆ ਰਿਸਦੇ ਜ਼ਖ਼ਮਾਂ ਦਾ ਮਰ੍ਹਮ ਬਣੀਏ।
ਮਰ ਮਰ ਕੇ ਮਰਨਾ ਕੀ ਮਰਨਾ
ਆ ਕੁੱਝ ਕਰਕੇ ਜੀਅ ਕੇ ਮਰੀਏ

ਖ਼ੂਨ ਧਰਤ ਦਾ ਚੂਸਣ ਜੋਕਾਂ
ਵਾਰੋ ਵਾਰ ਲੁੱਟਣ ਦੇ ਝੂਠਾ ਹੋਕਾ।
ਦਿਖਾ ਦੇ ਸ਼ਕਤੀ ਲੋਕਤੰਤਰ ਵਾਲੀ
ਆ ਜੋਕਾਂ ਦੇ ਤਖਤ ਹਿਲਾਈਏ।
ਮਰ ਮਰ ਕੇ ਮਰਨਾ ਕੀ ਮਰਨਾ
ਆ ਕੁੱਝ ਕਰਕੇ ਜੀਅ ਕੇ ਮਰੀਏ।

ਕੂੜ ਕੂੜ ਬਣ ਗਈ ਲੋਕਾਈ
ਸੱਚ ਦੀ ਹਾਮੀ ਭਰੇ ਨਾ ਕੋਈ।
ਕਦ ਤੱਕ ਕੋਹੇਂਗਾ ਆਤਮਾ ਵਿਚਾਰੀ

ਲਾ ਚਾਰਾ ਸੱਚ ਦਾ ਪੱਲਾ ਫੜੀਏ।
ਮਰ ਮਰ ਕੇ ਮਰਨਾ ਕੀ ਮਰਨਾ
ਆ ਕੁੱਝ ਕਰਕੇ ਜੀਅ ਕੇ ਮਰੀਏ।

ਨਸ਼ਿਆਂ ਨੇ ਗੱਭਰੂ ਕੀਤੇ ਕਾਂਗੜ
ਬੇਰੁਜ਼ਗਾਰੀ ਮਹਿੰਗਾਈ ਲਾਈ ਚਾਂਘੜ।
ਕਰੋ ਹੋਸ਼ ਸੰਭਾਲੋ ਸਭ ਲੁੱਟਣ ਤੋਂ ਪਹਿਲਾਂ
ਮਿਲ ਕੇ ਜੜ੍ਹ ਕੋਹੜਾਂ ਦੀ ਵੱਢੀਏ।
ਮਰ ਮਰ ਕੇ ਮਰਨਾ ਕੀ ਮਰਨਾ
ਆ ਕੁੱਝ ਕਰਕੇ ਜੀਅ ਕੇ ਮਰੀਏ।

ਉੱਚਾ ਹੋ ਫੁੰਕਾਰੇ ਨਾਗ ਅੱਤਵਾਦ ਦਾ,
ਮਾਰੇ ਡੰਗ ਨੂਰ ਖੋਹਿਆ ਧਰਤ ਦਾ।
ਛੱਡ ਨਫ਼ਰਤਾਂ ਤੇਰੇ ਮੇਰੇ ਦੀ ਲਤ
ਮੁਹੱਬਤਾਂ ਦੇ ਰੰਗ ਦੁਨੀਆਂ ਵਿੱਚ ਭਰੀਏ।
ਮਰ ਮਰ ਕੇ ਮਰਨਾ ਕੀ ਮਰਨਾ
ਆ ਕੁੱਝ ਕਰਕੇ ਜੀਅ ਕੇ ਮਰੀਏ

## ਦਿਲ ਕਰਦੈ

ਸੁਣੋ ਕੋਈ ਹੈ ਸੁਣਨ ਵਾਲਾ
ਮੇਰੇ ਦਿਲ ਦੀ ਤਦਬੀਰ
ਮੈਂ ਹਾਂ ਇੱਕ ਨਿਮਾਣੀ ਔਰਤ
ਜਿਸਦੀ ਮਰਦ ਨੇ ਲਿਖੀ ਹੈ ਤਕਦੀਰ।

ਕਈ ਹਕੂਮਤਾਂ ਆਈਆਂ
ਤੇ ਆ ਕੇ ਚਲੇ ਗਈਆਂ
ਕਈ ਬਹਾਰਾਂ ਛਾਈਆਂ
ਤੇ ਛਾ ਕੇ ਚਲੇ ਗਈਆਂ।
ਲਾਜ ਦੀ ਮਾਰੀ ਬੈਠੀ ਰਹੀ
ਜੋਬਨ ਵੀ ਮੇਰਾ ਢਲ ਗਿਆ।
ਮਿਟੇਗਾ ਹਨ੍ਹੇਰਾ ਇੱਛਾਵਾਂ ਦੇ ਦਮਨ ਦਾ
ਇੰਝ ਹੀ ਹਰ ਸਵੇਰਾ ਆਇਆ
ਤੇ ਆ ਕੇ ਗੁਜਰ ਗਿਆ।

ਦਿਲ ਕਰਦੈ ਬਣ ਕੇ ਪੰਛੀ
ਮੈਂ ਅੰਬਰਾਂ 'ਚ ਡਾਰੀ ਲਾਵਾਂ
ਦਿਲ ਕਰਦੈ ਤੋੜ ਜ਼ੰਜੀਰਾਂ
ਮੈਂ ਨੀਲ ਗਗਨ ਛਾ ਜਾਵਾਂ
ਦਿਲ ਕਰਦੈ ਬਸ ਉਡੀ ਜਾਵਾਂ
ਤੇ ਅੰਬਰੋਂ ਤਾਰੇ ਤੋੜ ਲਿਆਵਾਂ।

ਪਰ ਲੱਗਦੈ ਇੰਝ ਹੀ
ਦਬ ਜਾਵੇਗੀ ਆਵਾਜ਼ ਮੇਰੀ
ਜੇ ਬਣ ਨਿਮਾਣੀ ਬੈਠੀ ਰਹੀ

ਲੈ ਆਸਰਾ ਬੁੱਕਲ ਤੇਰੀ
ਦਫ਼ਨ ਹੋ ਜਾਵੇਗੀ ਹਰ ਇੱਛਾ
ਰਾਖ ਹੋ ਜਾਵੇਗੀ ਅਰਮਾਨਾਂ ਦੀ ਢੇਰੀ।

ਉੱਠ ਹੁਣ ਮਾਰ ਹਿੰਮਤ
ਬਦਲ ਆਪੇ ਮੱਥੇ ਦੀ ਲਕੀਰ
ਜਗਾ ਜੋਸ਼ ਮੋਏ ਹੱਡਾਂ ਅੰਦਰ
ਤੋੜ ਗੁਲਾਮੀ ਦੀ ਜ਼ੰਜੀਰ
ਝਾਕ ਛੱਡ ਕੇ ਕੱਖਾਂ ਕਾਨਿਆਂ ਦੀ
ਲਿਖਣੀ ਹੈ ਆਪਣੀ ਖ਼ੁਦ ਤਕਦੀਰ।

ਦਿਲ ਪ੍ਰਚਾਵੇ ਦਾ
ਤੂੰ ਕੋਈ ਸਾਮਾਨ ਨਹੀਂ
ਧਰਤ ਜੇਹਾ ਜੇਰਾ ਤੇਰਾ
ਢਾਹ ਲਵੇ ਕੋਈ ਆਸਾਨ ਨਹੀਂ।
ਪਛਾਣ ਤੂੰ ਸ਼ਕਤੀ ਆਪਣੀ
ਬਿਨ ਤੇਰੇ ਮਰਦ ਹੈ ਨਿਰਾ ਫਕੀਰ।

ਨਾ ਤੂੰ ਨਿਮਾਣੀ ਨਾ ਰਹੀ ਵਿਚਾਰੀ
ਵੱਸੀ ਤੇਰੇ ਨਾਲ ਦੁਨੀਆ ਪਿਆਰੀ
ਕੌਣ ਕਰੇਗਾ ਰੀਸ ਤੇਰੀ ਹਸਤੀ ਦੀ
ਨਾਲ ਤੇਰੇ ਖਿੜਦੀ ਹਰ ਆਂਗਨ ਕਿਆਰੀ।
ਮਰਦ ਨਹੀਂ ਖ਼ੁਦ ਲਿਖੇਂਗੀ ਆਪਣੀ ਤਕਦੀਰ
ਕਰ ਹਿੰਮਤ ਜਿੰਦਾ ਕਰ ਪਿੰਜਰ
ਬਦਲ ਦੇ ਪੱਥਰ ਤੇ ਪਈ ਹਰ ਲਕੀਰ।

# ਅਹਿਦ

ਸੁਣ ਨਿੱਕੜੇ ਤੈਨੂੰ ਗੱਲ ਸੁਣਾਵਾਂ,
ਦਿਲ ਕਰਦੈ! ਆਪਾਂ ਕਦੀ ਵੱਡੇ ਨਾ ਹੋਈਏ।
ਵੱਡੇ ਹੋ ਨਰਕ ਕਰਨੀ ਜੇ ਦੁਨੀਆਂ,
ਤਾਂ, ਆਪਾਂ ਨਿਕਿਆਂ ਹੀ ਮਰ ਜਾਈਏ।

ਤੜਕਸਾਰ ਅਖ਼ਬਾਰ ਹੈ ਆਇਆ
ਹਾਲ ਦੁਨੀਆਂ ਦਾ ਜਿਸਨੇ ਸੁਣਾਇਆ।
ਧਰਤ ਦਾ ਟੁੱਕੜਾ ਲੈਣ ਦੀ ਖਾਤਰ
ਵੈਰੀ ਬਣ ਗਿਆ ਕੁੱਖੋਂ ਜਾਇਆ।

ਵੱਟ-ਬੰਨਾਂ ਖੋਹਣ ਦੀ ਖਾਤਰ
ਭਾਈ ਨੇ ਭਾਈ ਮਾਰ ਮੁਕਾਇਆ।
ਸਾਥ ਯਾਰ ਦਾ ਪਾਉਣ ਦੀ ਖਾਤਰ
ਸਿਰ ਖੜ੍ਹ ਕਤਲ ਖਸਮ ਕਰਾਇਆ।

ਅੰਨ੍ਹੀ ਅਗਨ ਪ੍ਰੇਮ ਦੀ ਖਾਤਰ
ਜਿਗਰ ਦੇ ਟੋਟਿਆਂ ਜਹਿਰ ਖੁਆਇਆ।
ਹਵਸ ਦੀ ਭੁੱਖ ਮਿਟਾਉਣ ਦੀ ਖਾਤਰ,
ਚੰਦਰਿਆਂ ਬੋਟ ਨੋਚ ਖਾਇਆ।

ਦੈਂਤਾਂ ਦਾਜ ਲੈਣ ਦੀ ਖਾਤਰ,
ਜਿਉਂਦੀਆਂ ਮਾਸੂਮਾਂ ਲਾਂਬੂ ਲਾਇਆ।
ਸ਼ੈਦ ਕੁੱਝ ਚੰਗਾ ਲਿਖਿਆ ਹੋਵੇ,
ਹਿੰਮਤ ਕਰ ਪੰਨਾ ਅੱਗੇ ਪਰਤਾਇਆ।

ਬਦ ਤੋਂ ਬਦਤਰ ਹਾਲ ਹੈ ਹੋਇਆ,
ਪੜ੍ਹ ਕੇ ਜੀਅ ਹੋਰ ਘਬਰਾਇਆ।

ਕਿਸੇ ਨੇ ਹੱਕ ਲੈਣ ਦੀ ਖਾਤਰ,
ਸੜਕਾਂ ਕੰਡੇ ਧਰਨਾ ਲਾਇਆ।

ਕਿਸੇ ਨੇ ਦੇਸ਼ ਬਚਾਉਣ ਦੀ ਖਾਤਰ,
ਭ੍ਰਿਸ਼ਟਾਚਾਰ ਵਿਰੁੱਧ ਬਿਗਲ ਵਜਾਇਆ।
ਜਾਂਦੀ ਕੁਰਸੀ ਬਚਾਉਣ ਦੀ ਖਾਤਰ,
ਜੋਕਾਂ ਆਪਣਾ ਰੰਗ ਦਿਖਾਇਆ।
ਆਪਣਾ ਚਮ ਬਚਾਉਣ ਦੀ ਖਾਤਰ,
ਲਾਠੀ ਡੰਡਾ ਖ਼ੂਬ ਵਰ੍ਹਾਇਆ।

ਸੁਣ ਨਿੱਕੜੇ ਨੇ ਹਾਲ ਵੱਡੇ ਤੋਂ,
ਫਿਰ ਆਪਣਾ ਮਤ ਬਤਲਾਇਆ।
ਐਨੀ ਵੱਡੀ ਤੈਨੂੰ ਸੂਝ ਜੇ ਹੋਈ,
ਹਾਲਾਤਾਂ ਤੋਂ ਕਿਉਂ ਡਰੀਏ?
ਵੱਡਾ ਤਿੱਖਾ ਆਰਾ ਲੈ ਕੇ,
ਭੈੜਾਂ ਦੀ ਜੜ੍ਹ ਵੱਢੀਏ।

ਧਰਤ ਨੂੰ ਸਵਰਗ ਬਣਾਉਣ ਦੀ ਖਾਤਰ,
ਪਾਣੀ ਅਪਨੇਪਨ ਦਾ ਲਾਈਏ।
ਜਨ ਜਨ ਦੀ ਆਤਮਾ ਜਗਾਉਣ ਦੀ ਖਾਤਰ,
ਅਹਿਦ ਨਵੇਂ ਬਦਲ ਦਾ ਕਰੀਏ।

## ਵੱਡਮੁੱਲੀ ਦਾਤ

ਜ਼ਿੰਦਗੀ ਹੈ ਵੱਡਮੁੱਲੀ ਦਾਤ,
ਮਿਲੀ ਜੋ ਵੱਡੇ ਮਕਦਸ ਨਾਲ।
ਔਕੜ ਜਿੱਡੀ ਵੀ ਪਾਵੇ ਝਾਤ,
ਕੱਟੀਂ ਵੱਡੇ ਜੇਰੇ ਨਾਲ।

ਰੁਲਿਆ ਮੰਡੀਆਂ ਵਿਚ ਅੰਨਦਾਤਾ
ਕਰਜ਼ਿਆਂ ਕੀਤਾ ਮੰਦਾ ਹਾਲ,
ਸਟੋਰੀਆਂ ਕੀਤੀ ਵੱਡੀ ਕਮਾਈ
ਚੱਲ ਕੇ ਟੇਢੀ-ਮੇਢੀ ਚਾਲ,

ਹੱਡ ਗਾਲਦਾ ਰਹਿ ਗਿਆ ਹਾਲੀ
ਮਿੱਟੀ ਪਈ ਮਿਟੀ ਨਾਲ ਕੀਤੀ ਘਾਲ,
ਵਿਆਜਾਂ ਭਰਦਾ ਕੁੜੰਗ ਹੋ ਗਿਆ
ਕੱਟ ਨਾ ਹੋਇਆ ਕਰਜੇ ਦਾ ਜਾਲ,

ਘਾਬਰਿਆ ਜੱਗ ਦਾ ਪਾਲਣਹਾਰੀ
ਵੇਖ ਕੇ ਭੁੱਖੇ ਮਰਦੇ ਬਾਲ,
ਮੌਤੋਂ ਸਸਤੀ ਹੋਈ ਜ਼ਿੰਦਗੀ
ਲਟਕ ਗਿਆ ਜਾ ਫੰਦੇ ਨਾਲ।

ਤੂੰ ਜਗ ਦਾ ਭੰਡਾਰੀ ਪਾਲਣਹਾਰ
ਜੀਵਨ ਚੱਲੇ ਤੇਰੇ ਨਾਲ ਚਾਲ,

ਜ਼ਿੰਦਗੀ ਤੇਰੀ ਬੜੀ ਵੱਡਮੁੱਲੀ
ਲਟਕ ਨਾ ਐਵੇਂ ਫੰਦਿਆਂ ਨਾਲ,

ਮੇਹਨਤ ਆਪਣੀ ਦਾ ਮੁੱਲ ਪੁਆ
ਸਮਝ ਕੇ ਜੋਕਾਂ ਦੀ ਹਰ ਚਾਲ,
ਦੇਸ਼ ਦੀ ਆਰਥਿਕਤਾ ਦਾ ਪਹੀਆ
ਚੱਲੇ ਤੇਰੀ ਸ਼ਕਤੀ ਨਾਲ,
ਮਕਸਦ ਤੇਰਾ ਸਾਮ੍ਹਣੇ ਤੇਰੇ
ਵੱਢ ਹਨ੍ਹੇਰੇ ਦਾਤੀ ਨਾਲ।

ਰੁਲਦੀ ਸੜਕਾਂ ਕੰਢੇ ਜਵਾਨੀ
ਕਰਦੀ ਫਿਰੇ ਕੰਮ ਕਾਰ ਦੀ ਭਾਲ,
ਪੜ੍ਹ ਪੜ੍ਹ ਪੋਥੀਆਂ ਉਮਰ ਗੁਆਈ
ਬੇਰੁਜ਼ਗਾਰੀ ਪੁੱਟ ਸੁੱਟੀ ਖਾਲ,

ਧੱਕੇ ਧੋੜੇ ਬਣੇ ਨਸੀਬ
ਨਿਕਲਿਆ ਦਮ ਮਹਿੰਗਾਈ ਨਾਲ,
ਕੁਰਸੀਆਂ ਹੰਢਾਉਣ ਸਿਰਫ ਸਿਫਾਰਸ਼ੀ
ਮਿੱਟੀ ਪਈ ਉਮਰਾਂ ਦੀ ਘਾਲ,

ਹੱਥ ਪੱਲੇ ਕੁੱਝ ਨਜ਼ਰ ਨਾ ਆਵੇ
ਮਾਰੀਆਂ ਟੱਕਰਾਂ ਕੰਧਾਂ ਨਾਲ,
ਟੁੱਟੇ ਸੁਪਨੇ, ਪਸਰੇ ਹਨ੍ਹੇਰੇ
ਯਾਰੀ ਪਾਈ ਫਿਰ ਨਸ਼ਿਆਂ ਨਾਲ,

ਤੂੰ ਰੀੜ੍ਹ ਦੀ ਹੱਡੀ ਅਖਵਾਵੇਂ
ਦੇਸ਼ ਸਮਾਜ ਚੱਲਣ ਤੇਰੇ ਨਾਲ,
ਜ਼ਿੰਦਗੀ ਤੇਰੀ ਬੜੀ ਵੱਡਮੁੱਲੀ
ਗਾਲ ਨਾ ਐਵੇਂ ਨਸ਼ਿਆਂ ਨਾਲ,

ਸ਼ਕਤੀ ਹੱਥਾਂ ਦੀ ਵਖਾ ਕੇ
ਬਦਲ ਦੇ ਸਮੇਂ ਦੀ ਹਰ ਚਾਲ,
ਦੇਸ਼ ਕੌਮ ਦੇ ਕਾਲ ਦਾ ਪਹੀਆ
ਚੱਲੇ ਤੇਰੀ ਸ਼ਕਤੀ ਨਾਲ,
ਮਕਸਦ ਤੇਰਾ ਸਾਮ੍ਹਣੇ ਤੇਰੇ
ਕਿਰਤ ਕਰ ਤੂੰ ਹੱਥਾਂ ਨਾਲ,
ਜ਼ਿੰਦਗੀ ਹੈ ਵੱਡਮੁੱਲੀ ਦਾਤ
ਮਿਲੀ ਹੈ ਵੱਡੇ ਮਕਸਦ ਨਾਲ॥

## ਸੁਪਨੇ ਅਪਨੇ

ਕਿੰਨੇ ਸੋਹਣੇ ਕਿੰਨੇ ਪਿਆਰੇ
ਹੁੰਦੇ ਨੇ ਸੁਪਨੇ
ਬਾਕੀ ਸਭ ਬੇਗਾਨਾ
ਬਸ ਇਹੀ ਨੇ ਅਪਨੇ।

ਖਾਬਾਂ ਵਿੱਚ ਮਿਲਦਾ
ਧਰਤ ਤੇ ਆਕਾਸ਼ ਵੇਖਿਆ
ਵਹਿੰਦੇ ਪਾਣੀਆਂ 'ਚ ਮਿਲਦਾ
ਕੰਢੇ ਨਾਲ ਕੰਢਾ ਵੇਖਿਆ

ਕਟੋਰਾ ਹੱਥ ਫੜ੍ਹ ਕੇ
ਜੋ ਭੀਖ ਮੰਗਦਾ
ਤਾਜ ਪਹਿਨ ਬੈਠਾ
ਬਣਿਆ ਮਹਾਰਾਜ ਵੇਖਿਆ

ਭਰ ਭਰ ਝੋਲੀਆਂ
ਵੰਡਦੇ ਜਵਾਹਰ ਹੀਰੇ
ਫੈਲੀ ਸੁੱਖ ਸ਼ਾਂਤੀ
ਰਾਮ ਰਾਜ ਵੇਖਿਆ।

ਅੰਨ ਦੇ ਭੰਡਾਰ ਭਰੇ
ਕੰਮ ਕਾਜ ਰੁੱਝੇ ਸਾਰੇ
ਲਾਲੀਆਂ ਦੇ ਭਖੇ ਚਿਹਰੇ
ਭੁੱਖਾ ਮਰਦਾ ਨਾ
ਕੋਈ ਇਨਸਾਨ ਵੇਖਿਆ।

ਗੂੰਜਣ ਕਿਲਕਾਰੀਆਂ
ਕਲੀਆਂ ਵੀ ਮਹਿਕੀਆਂ ਨੇ
ਕੁੱਖ ਵਿਚ ਮਰਦਾ
ਨਾ ਕੋਈ ਬੋਟ ਵੇਖਿਆ

ਧੰਨ ਦੇ ਅੰਬਾਰ ਲੱਗੇ
ਜੋਬਨ ਹੁਲਾਰ ਭਰੇ
ਨਾਰ ਕਿਲਕਾਰ ਮਾਰੇ
ਪਰ ਡੋਲਦਾ ਕਿਸੇ ਦਾ
ਨਾ ਈਮਾਨ ਵੇਖਿਆ

ਹਰਿਆਲੀ ਫੈਲੀ ਹੋਈ
ਪਸ਼ੂ ਟਣਕਾਰ ਮਾਰੇ
ਮੰਡੀਆਂ ਭਰੀਆਂ ਨੇ
ਫਸਲ ਹੱਥੋਂ ਹੱਥ ਵਿਕੀ
ਡੱਬ ਭਰ ਨੋਟ
ਮੇਲੇ ਨੱਚਦਾ ਕਿਸਾਨ ਵੇਖਿਆ

ਸਰੂ ਜਿਹੀ ਜਵਾਨੀ ਚੜ੍ਹੀ
ਰੁਜ਼ਗਾਰ ਭਰਪੂਰ ਮਿਲੇ
ਤੋਟ ਕੋਈ ਰਹੀ ਨਾ
ਨਸ਼ਿਆਂ 'ਚ ਡੁੱਬਿਆ ਨਾ
ਕੋਈ ਨੌਜਵਾਨ ਵੇਖਿਆ।

ਵੱਡੀ ਹਵੇਲੀ ਅੰਦਰ
ਟੱਬਰਾਂ ਦੇ ਖੇੜੇ ਲੱਗੇ

ਤੇਰ ਮੇਰ ਛੱਡ ਕੇ
ਮਿਲਜੁਲ ਰਹਿੰਦੇ ਸਾਰੇ
ਹਿੱਸੇ ਵੰਡ ਮਰਦਾ ਨਾ
ਕੋਈ ਭਾਈ ਬਾਪ ਵੇਖਿਆ।

ਮਦਦ ਵਾਲੇ ਹੱਥ ਵਧੇ
ਇਨਸਾਨੀਅਤ ਡੁਲ੍ਹ ਪਵੇ
ਵੈਦਾਂ ਨਿਜ ਛੱਡ ਕੇ
ਸੇਵਾ ਦੀ ਕਮਾਈ ਕੀਤੀ
ਬੂਹੇ ਹਸਪਤਾਲ ਅੱਗੇ
ਦਾਰੂ ਬਗੈਰ ਮਰਦਾ ਨਾ
ਕੋਈ ਲਾਚਾਰ ਵੇਖਿਆ।

ਰਾਤਾਂ ਦੀ ਨੀਂਦ ਅੰਦਰ
ਭਾਵੇਂ ਖੁਲ੍ਹੇ ਨੈਣਾਂ ਅੰਦਰ
ਫੱਬ ਸੋਹਣੀ ਛੱਡਦਾ
ਸੁਪਨਿਆਂ 'ਚ ਜਹਾਨ ਵੇਖਿਆ

ਟੁੱਟ ਗਿਆ ਸੁਪਨਾ
ਤੇ ਸੰਸਾਰ ਤੱਕਿਆ
ਔਖੇ ਲੈਣੇ ਸਾਹ ਹੋਏ
ਭਾਰੇ ਪਏ ਉਜਾਲੇ ਤੱਕਣੇ
ਕਿੰਨੇ ਸੋਹਣੇ ਕਿੰਨੇ ਪਿਆਰੇ
ਹੁੰਦੇ ਨੇ ਸੁਪਨੇ
ਬਾਕੀ ਸਭ ਬੇਗਾਨਾ
ਬਸ ਇਹੀ ਨੇ ਅਪਨੇ।

# ਆਓ ਵਸਾਈਏ ਦੁਨੀਆ ਨਵੀਂ

ਆਓ ਵਸਾਈਏ ਦੁਨੀਆਂ ਨਵੀਂ
ਹੋਵੇ ਝੂਠਾਂ ਫਰੇਬਾਂ ਤੋਂ ਕੋਰੀ,
ਨਾ ਕੋਈ ਹੱਕ ਮਾਰੇ ਕਿਸੇ ਦਾ
ਨਾ ਹੋਵੇ ਡਾਕਾ ਲੁੱਟ ਚੋਰੀ।

ਧਰਮਾਂ ਦੀ ਨਾ ਜੰਗ ਹੋਵੇ,
ਨਾ ਅੱਤਵਾਦ ਦਾ ਡਰ ਹੋਵੇ।
ਭਾਈਚਾਰੇ ਦੀ ਸਾਂਝ ਪਵੇ,
ਨਾ ਹੋਵੇ ਰਾਤ ਕਾਲੀ ਕਲਹਿਣੀ ਭੌਰੀ।

ਠੇਕੇਦਾਰਾਂ ਦੀ ਨਾ ਲੁੱਟ ਹੋਵੇ,
ਨਾ ਭ੍ਰਿਸ਼ਟਾਚਾਰ ਦਾ ਰਾਗ ਹੋਵੇ।
ਈਮਾਨ ਦੀਆਂ ਨੀਹਾਂ ਤੇ ਸੰਸਾਰ ਵਿਕਾਸ ਕਰੇ,
ਨਾ ਹੋਵੇ ਨਿਜ, ਸੁਆਰਥ ਰਿਸ਼ਵਤਖੋਰੀ।

ਹੱਦਾਂ ਦੀ ਖਿੱਚੀ ਨਾ ਲੀਕ ਹੋਵੇ,
ਨਾ ਤਣਿਆ ਵੱਖਵਾਦ ਦਾ ਫਨ ਹੋਵੇ।
ਬੁੱਲੇ ਵਗਣ ਮਨੁੱਖਤਾ ਦੇ,
ਨਾ ਹੋਵੇ ਵੱਢ ਟੁੱਕ ਦੰਗਾ ਕੋਈ।

ਕਤਲ ਕਿਸੇ ਦਾ ਨਾ ਹੱਕ ਹੋਵੇ,
ਨਾ ਡਾਢਿਆਂ ਹੱਥੋਂ ਸੁਪਨਾ ਵੱਢ ਹੋਵੇ।

ਖਲਕਤ ਦਾ ਰੰਗ ਨੂਰ ਬਦਲ ਜਾਵੇ,
ਨਾ ਹੋਵੇ ਮੇਰਾ, ਮੈਂ ਜੋਰੀ।

ਆਓ ਵਸਾਈਏ ਦੁਨੀਆ ਨਵੀਂ,
ਹੋਵੇ ਝੂਠਾਂ ਫਰੇਬਾਂ ਤੋਂ ਕੋਰੀ।
ਨਾ ਕੋਈ ਹੱਕ ਮਾਰੇ ਕਿਸੇ ਦਾ,
ਨਾ ਹੋਵੇ ਡਾਕਾ ਲੁੱਟ ਚੋਰੀ।

## ਵਕਤ ਬਦਲ ਗਏ ਕਿਉਂ ?

ਉਹ ਵਕਤ ਬਦਲ ਗਏ ਕਿਉਂ ?
ਕਿਸੇ ਨੁੱਕਰੇਂ ਮਿਲਦੇ ਸੀ।
ਦਰਦ ਸੀਨੇ ਉਠਦਾ ਸੀ
ਪਰ ਮਿੱਠਾ ਲੱਗਦਾ ਸੀ।
ਪੀੜ ਹੁਣ ਵੀ ਉਠਦੀ ਏ
ਪਰ ਜਰਨੀ ਔਖੀ ਕਿਉਂ ?
ਉਹ ਵਕਤ ਬਦਲ ਗਏ ਕਿਉਂ ?

ਪਿੱਪਲਾਂ ਦੀ ਖੜਖੜ ਸੀ
ਥੱਲੇ ਸੱਥਾਂ ਵਿਛੀਆਂ ਸੀ
ਹਾਸਿਆਂ ਦੀ ਛਹਿਬਰ ਵਿਚ
ਦਿਲ ਨੈਣਾਂ ਲੁਟਿਆ ਸੀ
ਨੋਟਾਂ ਦੀ ਰੰਗਤ ਵੇਖ
ਸਰਤਾਜ ਬਦਲ ਗਏ ਕਿਉਂ ?
ਉਹ ਵਕਤ ਬਦਲ ਗਏ ਕਿਉਂ ?

ਗਿੱਧਿਆਂ ਦੀ ਰੌਣਕ ਸੀ
ਵੰਗਾਂ ਦੀ ਛਣਛਣ ਸੀ
ਤੀਆਂ ਦੇ ਮੇਲੇ ਵਿੱਚ
ਅਸਾਂ ਪੀਂਘਾਂ ਪਾਈਆਂ ਸੀ
ਮਹੱਲਾਂ ਦੀਆਂ ਮੰਜ਼ਿਲਾਂ ਵੇਖ
ਹੁਲਾਰ ਬਦਲ ਗਏ ਕਿਉਂ ?
ਉਹ ਵਕਤ ਬਦਲ ਗਏ ਕਿਉਂ ?

ਬੰਬੀ ਦਾ ਚੁਬਚੜਾ ਸੀ
ਰੂਹਾਂ ਦੀ ਕਹਾਣੀ ਸੀ
ਪਾਣੀ ਦੀਆਂ ਲਹਿਰਾਂ ਵਿੱਚ
ਅਸੀਂ ਸੁਪਨੇ ਉਕਰੇ ਸੀ
ਪ੍ਰੀਤਾਂ ਦੇ ਗ੍ਰੰਥਾਂ ਦੇ
ਅਲਫਾਜ਼ ਬਦਲ ਗਏ ਕਿਉਂ ?
ਉਹ ਵਕਤ ਗਏ ਕਿਉਂ ?

ਪਿੱਪਲ ਵੀ ਓਹੀ ਨੇ
ਤੀਆਂ ਦੇ ਮੇਲੇ ਨੇ
ਬੰਬੀ ਵੀ ਚੱਲਦੀ ਏ
ਪਰ ਚੰਗੇ ਲੱਗਦੇ ਨਾ
ਵੱਢ ਵੱਢ ਖਾਂਦੇ ਨੇ
ਨੈਣਾਂ ਦੀ ਤੱਕਣੀ ਦੇ
ਅੰਦਾਜ਼ ਬਦਲ ਗਏ ਕਿਉਂ ?
ਉਹ ਵਕਤ ਗਏ ਕਿਉਂ ?

ਤਸਵਰ ਵਿਚ ਮਿਲਿਆਂ ਨੂੰ
ਵਿਛੋੜੇ ਨਾ ਰੱਬ ਪਾਵੇ
ਰੂਹਾਂ ਦਾ ਮੇਲ ਹੋਵੇ
ਨਸੀਬ ਵਸਲ ਹੋਵੇ
ਦਿਲ ਹਓਕੇ ਭਰਦਾ ਏ
ਅਹਿਸਾਸ ਬਦਲ ਗਏ ਕਿਉਂ ?
ਉਹ ਵਕਤ ਬਦਲ ਗਏ ਕਿਉਂ ?

ਕਿਸੇ ਨੁੱਕਰੇਂ ਮਿਲਦੇ ਸੀ।
ਦਰਦ ਸੀਨੇ ਉਠਦਾ ਸੀ
ਪਰ ਮਿੱਠਾ ਲੱਗਦਾ ਸੀ।
ਪੀੜ ਹੁਣ ਵੀ ਉਠਦੀ ਏ
ਪਰ ਜਰਨੀ ਔਖੀ ਕਿਉਂ ?

## ਦੌਲਤ

ਦੌਲਤ ਮਾਨ ਨਹੀਂ
ਹੰਕਾਰ ਨਹੀਂ
ਬਸ ਲੋੜ ਹੈ
ਇਸ ਜ਼ਿੰਦਗਾਨੀ ਦੀ

ਪੈਸੇ ਨਾਲ
ਦਿਲ ਤੋਲਨੇ ਛੱਡ
ਸੌਦੇ ਮਹਿੰਗੇ ਬੜੇ
ਕੌਲ ਇਕਰਾਰਾਂ ਦੇ

ਖਾਂਦੇ ਮਾਸ
ਚੂਸਨ ਰਤ
ਜਿਗਰ ਦੀ
ਦਿਲ ਦੇ ਕੇ
ਪੀੜਾਂ ਹੱਡ ਹਢਾਂਉਂਦੇ
ਨਾ ਮੰਗਦੇ ਦੌਲਤ
ਦੁਨੀਆਂ ਫਾਨੀ ਦੀ।

ਜਿਸਮਾਂ ਦੀ ਮੰਡੀ ਵਿੱਚ
ਲੱਗਦੀ ਕੀਮਤ
ਬੁੱਤ ਤਰਾਸ਼ਿਆਂ ਦੀ
ਬੁੱਤਾਂ ਦੀ ਬੋਲੀ
ਲਾਉਂਦੇ ਜੋ
ਕੀ ਜਾਣਨ ਕੀਮਤ
ਪਾਕ ਮੁਹੱਬਤਾਂ ਦੀ।

ਅਣਮੁੱਲੇ ਇਹ ਵਲਵਲੇ
ਚਕਾਚੌਂਧ ਤੋਂ ਪਰੇ
ਬੇਸ਼ੁਮਾਰ ਦੌਲਤ ਦੀ।
ਜੇ ਹੈ ਤਾਕਤ
ਇਸ ਦੌਲਤ ਵਿੱਚ
ਖਰੀਦ ਕੇ ਵਖਾ
ਡੋਰ ਜਜ਼ਬਾਤਾਂ ਦੀ
ਚੀਸ ਹਓਕਿਆਂ ਦੀ
ਦਿਲੋਂ ਉਠਦੀਆਂ
ਕਚੀਚੀਆਂ ਦੇ ਵੱਟ
ਪਾਕ ਰਿਸਦੇ
ਜ਼ਖ਼ਮਾਂ ਦੀ

ਇਹ ਅਣਮੁੱਲੀਆਂ ਦਾਤਾਂ
ਬਸ ਰੂਹਾਂ ਦੀਆਂ ਬਾਤਾਂ।
ਦਿਲ ਟੁੰਬਦੇ
ਬੁੱਲ ਸੁੱਕਦੇ
ਪਲ ਪਲ ਫਿੱਸਦੇ
ਦਿਲਾਂ ਦੇ ਹਲੂਣੇ
ਬੜੀਆਂ ਔਖੀਆਂ
ਇਹ ਵਾਟਾਂ

ਦੁਨੀਆਂ ਦੀ ਦੌਲਤ
ਨਾ ਪਿਆਰ ਖਰੀਦ ਸਕੇ।
ਇਹ ਨਿਰੀ ਗਰੂਰ
ਖਰੀਦੇ ਜੋ
ਮਜ਼ਬੂਰੀ ਕਿਸੇ ਦੀ

ਲਾਚਾਰੀ ਕਿਸੇ ਦੀ
ਜਾਂ ਝੂਠ ਛਲ
ਕਪਟ ਬਨਾਵਟ
ਕਿਸੇ ਸ਼ੋਖ ਦੀ

ਸੱਚੇ ਪਿਆਰ ਦੀ
ਕੋਈ ਕੀਮਤ ਨਹੀਂ
ਵੁਕਤ ਨਹੀਂ
ਦੌਲਤ ਬੇਮਾਨੀ ਦੀ।
ਬਸ ਤੜਪ ਹੋਵੇ
ਇਕ ਦਿਲਜਾਨੀ ਦੀ।
ਦੌਲਤ ਮਾਨ ਨਹੀਂ
ਹੰਕਾਰ ਨਹੀਂ
ਬਸ ਲੋੜ ਹੈ
ਇਸ ਜ਼ਿੰਦਗਾਨੀ ਦੀ।

## ਕਰੂੰਬਲਾਂ

ਅਸੀਂ ਕਰੂੰਬਲਾਂ ਬੜੀਆਂ ਅਨਮੋਲ
ਨੀ ਮਾਏ! ਸਾਨੂੰ ਕੁੱਖ 'ਚ ਹੀ ਨਾ ਰੋਲ।
ਤੇਰੇ ਜਿਸਮ ਨਹੀਂ ਤੇਰੀ ਰੂਹ ਅੰਦਰ
ਹਾਲੇ ਤਾਂ ਅਸੀਂ ਚੁੰਝਾਂ ਨਹੀਂ ਸੀ ਖੋਲੀਆਂ।
ਤੇਰੇ ਮਲੂਕ ਨਿੱਘੇ ਅੰਗਾਂ ਅੰਦਰ
ਹਾਲੇ ਤਾਂ ਅਸੀਂ ਉਸਲਾਂ ਨਹੀਂ ਸੀ ਮੋਲੀਆਂ।

ਚੰਦਰੀ ਮਸ਼ੀਨ! ਸਾਡੇ ਆਉਣ ਦੇ
ਦਿੱਤੇ ਭੇਦ ਅਗਾਊਂ ਖੋਲ੍ਹ।
ਸੁਣ ਸੁਨੇਹਾ ਧੀ ਆਉਣ ਦਾ
ਕਲੇਜਾ ਮਾਂ ਦਾ ਗਿਆ ਡੋਲ।
ਰਤਾ ਤਰਸ ਨਾ ਖਾਧਾ,
ਨਾ ਮੋਹ ਆਇਆ।
ਕੋਮਲ ਕਰੂੰਬਲਾਂ ਛਾਂਗ,
ਮਾਂ ਭਾਰਾ ਲਾਹਿਆ।

ਨਾ ਮਾਂ! ਤੂੰ ਇੰਝ ਸਾਡੀ ਕਾਤਲ ਨਾ ਬਣ
ਵੱਡਾ ਜੇਰਾ ਕਰਕੇ ਤੂੰ ਸਾਨੂੰ ਜਣ।
ਲਗਰਾਂ ਬਣ ਕੇ ਵਿਹੜੇ ਤੇਰੇ ਛਾਂ ਕਰੀਏ
ਜਰੀਏ ਨਾ ਹਰ ਦੁੱਖੜਾ ਤੇਰਾ ਵੰਡ ਲਈਏ।

ਤੂੰ ਪੁੱਤਰ ਬਦਲੇ ਸਾਨੂੰ ਕਤਲ ਕਰਾਉਂਦੀ ਏਂ?
ਮੁੱਕ ਗਈਆਂ ਕਰੂੰਬਲਾਂ ਤਾਂ ਵੇਖਾਂਗੇ ਮਾਏ
ਪੁੱਤ ਨੂੰ ਕਿਹੜੀ ਸ਼ੈਅ ਨਾਲ ਵਿਆਹੁੰਦੀ ਏਂ।
ਸਾਨੂੰ ਬਚਾਉਣ ਖਾਤਰ ਚਾਰੇ ਸਰਕਾਰ ਕਰੇ
ਪਰ ਮਾਂ ਦੀ ਮੋਈ ਮਮਤਾ ਖਾਤਰ ਬੋਟ ਮਰੇ।
ਮਾਂ ਦੀ ਮਮਤਾ ਪੁੱਤ ਧੀ ਦਾ ਫਰਕ ਤਿਆਗ ਦਵੇ
ਤਾਂ ਸ਼ਾਇਦ! ਸੁੱਕੇ ਰੁੱਖਾਂ ਦੀ ਵੀ ਕਰੂੰਬਲ ਫੁੱਟ ਪਵੇ।

# ਪਨਾਹ

ਜ਼ਿੰਦਗੀ ਹੈ ਵਾਂਗ ਇੱਕ ਦਰਿਆ
ਤੁਰਦੀ ਨਿੱਤ ਇਹ ਆਪਣੀ ਚਾਲ
ਬਣਦਾ ਏ ਸਮਤੋਲ ਦਰਿਆ ਦਾ
ਹਮਸਾਏ ਕੰਢਿਆਂ ਦੇ ਨਾਲ
ਪਾ ਪਨਾਹ ਸੱਚੇ ਸਾਥੀਆਂ ਦੀ
ਚੱਲਦੀ ਏ ਜ਼ਿੰਦਗੀ ਦੀ ਚਾਲ।

ਭਾਵੇਂ ਕਿੰਨੇ ਝੱਖੜ ਝੁੱਲਣ
ਕਿੰਨੇ ਭਾਵੇਂ ਹੜ੍ਹ ਆਉਣ।
ਭਾਵੇਂ ਛੱਲਾਂ ਉੱਠਣ ਭਾਰੀਆਂ
ਪਰ ਡੋਲਣ ਨਾ ਦੇਣ।
ਮਜ਼ਬੂਤ ਹੋਣ ਜੇ ਕੰਢੇ
ਸਾਰੇ ਝੇੜੇ ਹੱਸ ਕੇ ਸਹਿਣ।
ਕਰਨ ਤ੍ਰਿਪਤ ਪਾਣੀਆਂ ਨੂੰ
ਮਿਲਾ ਕੇ ਧਾਰਾ ਸਾਗਰ ਨਾਲ।

ਭਾਵੇਂ ਭੀੜਾਂ ਪੈਣ ਭਾਰੀਆਂ
ਔਕੜਾਂ ਆਉਣ ਭਾਵੇਂ ਵੱਡੀਆਂ।
ਮੁਸੀਬਤਾਂ ਦੇ ਪਹਾੜ ਟੁੱਟਣ
ਥਮ ਬਣ ਕੇ ਖੜਨ
ਮਜ਼ਬੂਤ ਹੋਣ ਜੇ ਸਾਥੀ
ਅੱਧਵਾਟੇ ਨਾ ਛੱਡਣ
ਨਾ ਪਿੱਠ ਕਰ ਭੱਜਣ
ਕੱਢ ਔੜਾਂ ਔਖੇ ਰਾਹਾਂ ਦੀਆਂ
ਪਾਉਂਦੇ ਸਕੂਨ ਮਿਲਾ ਮੰਜ਼ਿਲ ਨਾਲ।

## ਬਾਂਕੀ ਨਾਰ

ਬੋਲ ਏ ਬਾਂਕੀ ਨਾਰ
ਤੂੰ ਨਗਮਾ ਕੀ ਗੁਣਗੁਣਾਉਂਦੀ ਪਈ
ਖੁਸ਼ੀਆਂ ਦੇ ਫੁੱਲ ਵੰਡ ਕੇ
ਝੋਲੀਆਂ ਸਭ ਦੀਆਂ ਭਰਦੀ ਪਈ।
ਫੁੱਲ ਹੈਂ ਮਹਿਕਾਂ ਭਰਿਆ
ਜਾਂ ਕਲੀ ਹੈਂ ਮੁਸਕਰਾਉਂਦੀ ਹੋਈ।
ਵਗਦੀ ਹੋਈ ਪੌਣ ਹੈਂ
ਜਾਂ ਘਟਾ ਹੈਂ ਅੰਬਰ ਤੇ ਛਾਈ ਹੋਈ।

ਨਿਮ੍ਹਾ-ਨਿੰਮ੍ਹਾ ਹੱਸੇਂ
ਤੇ ਸੁਰ ਜ਼ਿੰਦਗੀ ਦੇ ਛੇੜੇਂ
ਦੁੱਖ ਦੂਜਿਆਂ ਦੇ ਕੱਟ
ਪੀੜਾਂ ਆਪਣੇ ਸਿਰ ਸਹੇੜੇਂ।
ਝਰਨਾ ਹੈਂ ਅਮ੍ਰਿਤ ਭਰਿਆ
ਜਾਂ ਹੈਂ ਧਾਰਾ
ਸ਼ੀਤਲ ਜਲ ਦੀ ਵਹਿੰਦੀ ਹੋਈ।
ਬੋਲ ਏ ਬਾਂਕੀ ਨਾਰ
ਤੂੰ ਨਗਮਾ ਕੀ ਗੁਣਗੁਣਾਉਂਦੀ ਪਈ।

ਸੱਚਾ ਸੁੱਚਾ ਤੇ ਨਿੱਘਾ-ਨਿੱਘਾ
ਪਿਆਰ ਦਾ ਝਲਕਾਰਾ ਪਾਵੇ
ਨਗਮਾ ਤੇਰਾ ਰਸ-ਰਸੀਲਾ।
ਮੋਈਆਂ ਲੋਥਾਂ ਵਿੱਚ ਰੂਹ ਪਾਵੇ
ਥੱਕਿਆ ਟੁੱਟਿਆ ਮਨ ਵੀ ਹੱਸੇ
ਸੋਹਬਤ ਤੇਰੀ ਜੇ ਮਿਲ ਜਾਵੇ।
ਕੰਵਲ ਹੈਂ, ਫੁੱਲਵਾੜੀ ਹੈਂ

ਕਿ ਬਹਾਰ ਹੈਂ
ਆਲਮ 'ਤੇ ਛਾਈ ਹੋਈ।
ਕਿ ਲਾਟ ਹੈਂ ਤੂੰ ਆਸ ਦੀ
ਤੇ ਜ਼ਿੰਦਗੀ ਸਭ ਨੂੰ ਵੰਡਦੀ ਪਈ।
ਬੋਲ ਏ ਬਾਂਕੀ ਨਾਰ
ਤੂੰ ਨਗਮਾ ਕੀ ਗੁਣਗੁਣਾਉਂਦੀ ਪਈ।

ਧੀ ਬਣ ਕੇ ਕਦੀ ਲਾਡ ਲਡਾਵੇਂ
ਮੰਗੇਂ ਸੁੱਖਾਂ ਕਦੀ ਭੈਣ ਬਣ ਕੇ।
ਬਣ ਜੀਵਨ ਸੰਗਨੀ ਪੀੜਾਂ ਹੰਢਾਵੇਂ
ਧਾਰ ਰੂਪ ਮਾਂ ਦਾ
ਤੂੰ ਮਮਤਾ ਸਾਰੀ ਲੁਟਾਉਂਦੀ ਪਈ।
ਬੋਲ ਏ ਬਾਂਕੀ ਨਾਰ
ਤੂੰ ਨਗਮਾ ਕੀ ਗੁਣਗੁਣਾਉਂਦੀ ਪਈ।

## ਆਖਰੀ ਤਾਗੀਦ

ਤੜਪਦੀ ਸੀ ਜੋ ਆਤਮਾ
ਤੋੜ ਜ਼ੰਜੀਰਾਂ ਉਡ ਗਈ ਏ।
ਮੋਈ ਮਿੱਟੀ ਨਾਲ ਖੇਡ ਲੈ
ਖੇਡ ਖੇਡਣੀ ਜੋ ਰਹੀ ਏ।

ਜੀਉਂਦੇ ਜੀਅ ਜਿਨ੍ਹਾਂ ਪੁੱਛਿਆ ਨਾ
ਝੁੰਡ ਡਾਰ ਬਣ ਕੇ ਆ ਰਹੀ ਏ।
ਘੁੱਟ ਪਾਣੀ ਦਾ ਮੂੰਹ ਪਾਇਆ ਨਾ,
ਨੈਂਅ ਹੰਝੂਆਂ ਦੀ ਵਹਿ ਰਹੀ ਏ।
ਮੇਰੇ ਹਿੱਸੇ ਆਵੇਗਾ ਕੀ
ਗਿਣਤੀ ਅੰਦਰੋਂ-ਅੰਦਰੀਂ ਲੱਗ ਰਹੀ ਏ।
ਦੁਨੀਆਦਾਰੀ ਨਿਭਾਉਣ ਲਈ
ਦੇਹ ਫੁੱਟੀਆਂ ਮਲ ਨੁਹਾਈ ਜਾ ਰਹੀ ਏ।

ਹਾਰ ਸ਼ਿੰਗਾਰ ਲਗਾ ਕੇ ਸਾਰੇ
ਕਫਨ ਸੋਹਣਾ ਪਾ ਸਜਾਈ ਜਾ ਰਹੀ ਏ।
ਆਸ ਲੱਗੀ ਵੱਡੇ ਗੱਫਿਆਂ ਦੀ
ਖਿਦਮਤ ਲੋਥ ਦੀ ਬੜੀ ਹੋ ਰਹੀ ਏ।
ਲਾਂਬੂ ਲਾ ਤੋੜ ਸੁੱਟੇ ਡੱਕੇ
ਅੱਜ ਚਿੰਤਾ ਸਾਰੀ ਮੁੱਕ ਰਹੀ ਏ।
ਫਾਰਿਗ ਹੋ ਰਹੁ-ਰੀਤਾਂ ਤੋਂ
ਕੰਨੀ ਹਰ ਕੋਨੇ ਦੀ ਫੋਲੀ ਜਾ ਰਹੀ ਏ।
ਸ਼ੁਕਰ ਮਨਾਇਆ ਸਾਹ ਮੁੜ ਪਏ
ਪੰਨੀ ਵਸੀਅਤ ਦੀ ਹੱਥ ਲੱਗ ਗਈ ਏ।

ਪੈਲੀ, ਦੁਕਾਨਾਂ ਤੇ ਮਕਾਨ ਦੇ ਕਾਗਜ਼
ਥੈਲੀ ਬੰਨ੍ਹੀ ਸੰਦੂਕੜੀ ਵਿੱਚ ਪਈ ਏ।

ਟੂੰਮਾਂ, ਪੈਸੇ ਤੇ ਹੀਰੇ ਪੰਨੇ
ਬੋਝੀ ਬੰਨ੍ਹੀ ਇੱਟ ਹੇਠ ਦੱਬੀ ਪਈ ਏ।
ਕੱਲ ਸੀ ਜੋ ਮੇਰਾ ਹੁਣ ਸਭ ਤੁਹਾਡਾ
ਕਮੀ ਤੁਹਾਨੂੰ ਕੋਈ ਨਾ ਰਹੀ ਏ।
ਦੀਵੇ ਦੀਦਿਆਂ ਦੇ ਉਡੀਕਦੇ ਬੁਝੇ
ਰੂਹ ਫੜਫੜਾਉਂਦੀ ਆਖਰੀ ਦਮ ਰਹੀ ਏ।
ਸ਼ਾਂਤ ਹਾਂ ਨਾ ਝੂਠੀਆਂ ਰੀਤਾਂ ਨਿਭਾਉਣਾ
"ਆਖਰੀ ਤਾਗੀਦ" ਕੀਤੀ ਜਾ ਰਹੀ ਏ।

ਖਾਲੀ ਤਿਜੌਰੀ ਹੇਠ ਫਰਸ਼ ਦੇ
ਕੀਮਤੀ ਸੁਗਾਤ ਇੱਕ ਦੱਬੀ ਪਈ ਏ।
ਘਾਲ ਘਾਲਾਂ ਫਰਸ਼ ਪੁੱਟਿਆ
ਪੜ੍ਹ ਪੱਤਰਾ ਹਰ ਅੱਖ ਝੁੱਕ ਰਹੀ ਏ।
ਦੁਨੀਆਂ ਦੀ ਦੌਲਤ ਮਿਲ ਗਈ ਤੁਹਾਨੂੰ
ਛਾਂ ਸੰਘਣੇ ਰੁੱਖ ਦੀ ਮੁੱਕ ਗਈ ਏ।
ਜ਼ਿੰਦਗੀ ਦਾ ਤੁਸਾਂ ਵੀ ਲੰਘਣੈ ਹਰ ਪੜਾਅ
ਵਸੀਅਤ ਨਾਲ ਨਸੀਹਤ ਵੀ ਕੀਤੀ ਜਾ ਰਹੀ ਏ।
ਤੜਪਦੀ ਸੀ ਜੋ ਆਤਮਾ
ਤੋੜ ਜ਼ੰਜੀਰਾਂ ਉਡ ਗਈ ਏ।
ਮੋਈ ਮਿੱਟੀ ਨਾਲ ਖੇਡ ਲੈ
ਖੇਡ ਖੇਡਣੀ ਜੋ ਰਹੀ ਏ॥

## ਕਲਾ ਜੀਉਣ ਦੀ

ਜਿਨ੍ਹਾਂ ਜਹਿਰ ਦੁੱਖਾਂ ਦਾ ਪੀਤਾ ਨਹੀਂ,
ਅਹਿਸਾਸ ਸੁੱਖਾਂ ਦਾ ਓਹ ਜਾਣੇ ਕੀ।

ਜਿਨ੍ਹਾਂ ਹੱਥੀਂ ਪੱਥਰ ਤਰਾਸ਼ੇ ਨਹੀਂ,
ਕੀਮਤ ਹੀਰਿਆਂ ਦੀ ਓਹ ਜਾਣੇ ਕੀ।

ਜਿਨ੍ਹਾਂ ਔਖੀਆਂ ਘਾਲਾਂ ਘਾਲੀਆਂ ਨਹੀਂ,
ਆਨੰਦ ਮੰਜ਼ਿਲ ਦਾ ਓਹ ਮਾਣੇ ਕੀ।

ਜਿਨ੍ਹਾਂ ਪੀੜ ਹਿਜਰ ਦੀ ਚੱਖੀ ਨਹੀਂ,
ਖੁਮਾਰ ਵਸਲ ਦਾ ਓਹ ਮਾਣੇ ਕੀ।

ਜਿਨ੍ਹਾਂ ਇਸ਼ਕ ਮਜਾਜੀ ਹੰਢਾਇਆ ਨਹੀਂ,
ਰਾਹ ਇਸ਼ਕ ਹਕੀਕੀ ਦਾ ਓਹ ਜਾਣੇ ਕੀ।

ਜਿਨ੍ਹਾਂ ਕੰਨਿਆ ਦਾਨ ਕੋਈ ਕੀਤਾ ਨਹੀਂ,
ਨੂੰਹਾਂ ਧੀ ਬਣਾ ਰੱਖਣਾ ਓਹ ਜਾਣੇ ਕੀ।

ਜਿਨ੍ਹਾਂ ਮੁਰਸ਼ਦ ਕੋਈ ਮੰਨਿਆ ਨਹੀਂ,
ਗੰਢਾਂ ਪੀਡੀਆਂ ਖੋਲ੍ਹਣਾ ਓਹ ਜਾਣੇ ਕੀ।

ਜਿਨ੍ਹਾਂ ਸੇਵਾ ਮਾਪਿਆਂ ਦੀ ਕੀਤੀ ਨਹੀਂ,
ਅਸਰ ਦੁਆਵਾਂ ਦਾ ਓਹ ਮਾਣੇ ਕੀ।

ਜਿਨ੍ਹਾਂ ਕੌਮ ਲਈ ਕੁੱਝ ਕੀਤਾ ਨਹੀਂ,
ਮੰਤਵ ਜੀਵਨ ਦਾ ਓਹ ਜਾਣੇ ਕੀ।

ਜਿਨ੍ਹਾਂ ਪੀੜ ਲਾਚਾਰ ਦੀ ਵੰਡੀ ਨਹੀਂ,
ਕਲਾ ਜੀਉਣ ਦੀ ਓਹ ਜਾਣੇ ਕੀ।

## ‘‘ਮਹਿਮਾਨ ਹਾਂ ਚੰਦ ਰੋਜ਼ ਦਾ’’

ਅਸੀਂ ਪਰਦੇਸੀ ਆਏ ਤੇਰੇ ਦੇਸ਼,
ਛੱਡ ਯਾਦਾਂ ਕੌੜੀਆਂ ਮਿੱਠੀਆਂ।
ਮਾਰ ਉਡਾਰਾਂ ਪਰਤ ਜਾਣਾ ਵਤਨਾਂ ਨੂੰ,
ਜਿਉਂ ਫੇਰਾ ਪਾਉਣ ਦਰਵੇਸ਼।

****

ਮਹਿਮਾਨ ਹਾਂ ਚੰਦ ਰੋਜ਼ ਦਾ,
ਤੇਰੇ ਸ਼ਹਿਰ ਦਾ ਸੱਜਣਾ।
ਤੱਕ ਲੈਣ ਦੇ ਨਜ਼ਾਰਾ ਹਰ ਪਹਿਰ ਦਾ,
ਕਿਉਂ ਨਫ਼ਰਤਾਂ ਤੂੰ ਪਾਲਦਾ ਸੱਜਣਾ ?
ਮਹਿਮਾਨ ਹਾਂ.....

ਮੈਂ ਕੋਈ ਪੱਥਰ ਨਹੀਂ,
ਜੋ ਚਿਣ ਗਿਆ ਤੇ ਪੱਕ ਗਿਆ।
ਮੈਂ ਕੋਈ ਬੂਟਾ ਨਹੀਂ,
ਜੋ ਲੱਗ ਗਿਆ ਜੜ੍ਹ ਫੜ੍ਹ ਗਿਆ।
ਝੌਂਕਾ ਹਾਂ ਮੈਂ ਇੱਕ ਲਹਿਰ ਦਾ,
ਜੋ ਨਾ ਠਹਿਰਦਾ ਸੱਜਣਾ।
ਮਹਿਮਾਨ ਹਾਂ ਚੰਦ ਰੋਜ਼ ਦਾ,
ਤੇਰੇ ਸ਼ਹਿਰ ਦਾ ਸੱਜਣਾ।

ਮੱਥੇ ਤੇ ਪਈ ਕੋਈ ਲੀਕ ਨਾ,
ਜੋ ਨਸੀਬ ਮੈਂ ਤੇਰਾ ਹੋ ਗਿਆ।
ਰਸਮਾਂ ਦੀ ਬੱਝੀ ਕੋਈ ਪ੍ਰੀਤ ਨਾ
ਜੋ ਬੰਧਨ ਮੈਂ ਤੇਰਾ ਹੋ ਗਿਆ।

ਖਾਬ ਹਾਂ ਮੈਂ ਇੱਕ ਸੁੰਨੀ ਰਾਤ ਦਾ
ਜੋ ਨਾ ਸੱਚ ਹੋਵੰਦਾ ਸੱਜਣਾ।
ਮਹਿਮਾਨ ਹਾਂ ਚੰਦ ਰੋਜ਼ ਦਾ
ਤੇਰੇ ਸ਼ਹਿਰ ਦਾ ਸੱਜਣਾ।

ਦੁਨੀਆਂ ਦੀ ਮੈਂ ਦੌਲਤ ਨਹੀਂ
ਜੋ ਤੂੰ ਪਾਲ ਰੰਜਿਸ਼ਾਂ ਬਹਿ ਗਿਆ
ਸੀਨੇ ਤੇ ਲੱਗਾ ਕੋਈ ਫੱਟ ਨਾ
ਜੋ ਨਿਸ਼ਾਨ ਸੁੱਕ ਕੇ ਛੱਡ ਗਿਆ
ਖੁਸ਼ਬੋ ਹਾਂ ਮੈਂ ਇੱਕ ਫੁੱਲ ਦੀ,
ਜੋ ਮਹਿਕ ਸਭ ਨੂੰ ਖਿਲਾਰਦਾ ਸੱਜਣਾ,
ਮਹਿਮਾਨ ਹਾਂ ਚੰਦ ਰੋਜ਼ ਦਾ,
ਤੇਰੇ ਸ਼ਹਿਰ ਦਾ ਸੱਜਣਾ
ਤੱਕ ਲੈਣ ਦੇ ਨਜ਼ਾਰਾ ਹਰ ਪਹਿਰ ਦਾ
ਕਿਉਂ ਨਫਰਤਾਂ ਤੂੰ ਪਾਲਦਾ ਸੱਜਣਾ
ਤੇਰੇ ਸ਼ਹਿਰ ਦਾ ਸੱਜਣਾ।